ਇਕ ਵਾਰ ਫਿਰ ਨਵਾਂਸ਼ਹਿਰ ਦੀ ਉਪਚੋਣ ਵਿੱਚ ਕਾਂਗਰਸ ਬੁਰੀ ਤਰ੍ਹਾਂ ਪਛੜ ਗਈ ਹੈ। ਕਾਂਗਰਸ ਦੀ ਹਾਰ ਨਾਲ ਜਿਥੇ ਭਵਿੱਖ ਵਿੱਚ ਉਸ ਦਾ ਸਰਕਾਰ ਤੇ ਕਬਜ਼ਾ ਕਰਨ ਦਾ ਸੁਪਨਾ ਚੂਰ ਚੂਰ ਹੋ ਗਿਆ ਜਾਪਦਾ ਹੈ ਉਥੇ ਅਕਾਲੀ ਦਲ ਦੇ ਪੈਰ ਇੱਕ ਵਾਰ ਫਿਰ ਪੰਜਾਬ ਦੀ ਸਿਆਸਤ ਵਿੱਚ ਜੰਮ ਗਏ ਹਨ। ਆਦਮਪੁਰ ਜਿਸ ਦੀ ਚੋਣ ਵਿੱਚ ਕੇਵਲ ਨਾਂ-ਮਾਤਰ 6 ਵੋਟਾਂ ਤੇ ਹੋਈ ਜਿੱਤ ਨੇ ਕਾਂਗਰਸ ਨੂੰ ਕਈ ਤਰ੍ਹਾਂ ਦੇ ਭਰਮ ਭੁਲੇਖਿਆ ਵਿੱਚ ਪਾ ਦਿਤਾ ਸੀ, ਹੁਣ ਉਹ ਸਾਰੇ ਨਿਕਲ ਜਾਣੇ ਚਾਹੀਦੇ ਹਨ। ਮੇਰਾ ਆਪਣਾ ਪਿੰਡ ਭੋਗਪੁਰ ਬਲਾਕ ਵਿੱਚ ਆਦਮਪੁਰ ਹਲਕੇ ਵਿੱਚ ਪੈਂਦਾ ਹੈ। ਸਾਡਾ ਲਗਭਗ ਸਾਰਾ ਹੀ ਪਿੰਡ ਖਰਲ ਕਲਾਂ ਅਕਾਲੀ ਦਲ ਦਾ ਹਮਾਇਤੀ ਰਿਹਾ ਹੈ। ਪਰ ਪਿੰਡ ਵਿੱਚ ਇੱਕ ਨਿਕੇ ਜਿਹੇ ਧਾਰਮਿਕ ਥਾਂ ਦੇ ਝਗੜੇ ਨੇ ਪਿੰਡ ਨੂੰ ਕਾਂਗਰਸ ਤੇ ਅਕਾਲੀ ਦੋ ਹਿਸਿਆਂ ਵਿੱਚ ਵੰਡ ਦਿਤਾ ਜਿਸ ਦਾ ਨਤੀਜਾ ਕਾਂਗਰਸ ਦੀ ਜਿੱਤ ਹੋਈ। ਵਰਨਾ ਕਾਂਗਰਸ ਦੀ ਜਿੱਤ ਉਸ ਦੀਆਂ ਨੀਤੀਆਂ ਦੇ ਅਧਾਰ ਤੇ ਨਹੀਂ ਸੀ। ਛੇ ਵੋਟਾਂ ਤਾਂ ਇਕ ਘਰ ਵਿਚੋਂ ਹੀ ਆਮ ਮਿਲ ਜਾਂਦੀਆਂ ਹਨ।

1999 ਦੇ ਆਰੰਭ ਵਿੱਚ ਬਾਦਲ ਤੇ ਟੌਹੜਾ ਦੀ ਆਪਣੀ ਖਿਚੋਤਾਣ ਕਾਰਨ ਲੋਕ ਸਭਾ ਵਿੱਚ ਜ਼ਰੂਰ ਕਾਂਗਰਸ ਨੂੰ ਲੋੜ ਤੋਂ ਜ਼ਿਆਦਾ ਫਾਇਦਾ ਹੋਇਆ। ਲੋਕ ਸਭਾ ਚੋਣਾਂ ਸਮੇਂ ਬਾਦਲ ਟੌਹੜਾ ਵਿਵਾਦ ਆਪਣੇ ਪੂਰੇ ਸਿਖਰ ਤੇ ਪਹੁੰਚ ਗਿਆ ਸੀ ਜਿਸ ਕਾਰਨ ਸਾਧਾਰਣ ਲੋਕਾਂ ਵਿੱਚ ਇਹ ਭਰਮ ਘਰ ਕਰ ਗਿਆ ਕਿ ਅਕਾਲੀਆਂ ਦੀਆਂ ਵੋਟਾਂ ਵੰਡੇ ਜਾਣ ਕਾਰਨ ਕਾਂਗਰਸ ਹੀ ਜਿੱਤੇਗੀ। ਇਸ ਲਈ ਲੋਕਾਂ ਨੇ ਆਪ ਸਿੱਧੇ ਹੀ ਕਾਂਗਰਸ ਨੂੰ ਵੋਟਾਂ ਪਾਉਣੀਆਂ ਠੀਕ ਸਮਝੀਆਂ ਜਿਸ ਕਾਰਨ ਕਾਂਗਰਸ ਦੀ ਜਿੱਤ ਹੋਈ। ਵਰਨਾ ਕਾਂਗਰਸ ਨੇ ਪੰਜਾਬ ਵਿੱਚ ਕਦੀ ਵੀ ਕੋਈ ਅਜਿਹਾ ਮਾਅਰਕਾ ਨਹੀਂ ਸੀ ਮਾਰਿਆ ਜਿਹੜਾ ਉਸ ਦੀ ਜਿੱਤ ਦਾ ਜਾਮਨ ਬਣਦਾ। ਹੁਣ ਪੰਜਾਬ ਦੇ ਲੋਕਾਂ ਨੇ ਲੋਕ ਸਭਾ ਚੋਣਾਂ ਵਿੱਚ ਕੀਤੀ ਆਪਣੀ ਗਲਤੀ ਦਾ ਅਹਿਸਾਸ ਕਰ ਲਿਆ ਹੈ ਤੇ ਇਹ ਪੰਜਾਬ ਦੀ ਖੁਸ਼ਹਾਲੀ ਤੇ ਸ਼ਾਂਤੀ ਲਈ ਚੰਗੀ ਗੱਲ ਹੈ। ਮੈਂ ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੀ ਇਸ ਸਿਆਣਪ ਭਰੀ ਚੋਣ ਲਈ ਵਧਾਈ ਦਿੰਦਾ ਹਾਂ। ਅਸਲ ਵਿੱਚ ਹੁਣ ਕੇਂਦਰੀ ਰਾਸ਼ਟਰੀ ਪਾਰਟੀਆਂ ਦਾ ਜਮਾਨਾ ਬੀਤ ਚੁੱਕਾ ਹੈ ਤੇ ਹਰ ਇਕ ਪ੍ਰਾਂਤ ਵਿੱਚ ਖੇਤਰੀ ਪਾਰਟੀਆਂ ਹੀ ਕਾਮਯਾਬ ਹੋ ਰਹੀਆਂ ਹਨ ਤੇ ਇਹੀ ਉਨ੍ਹਾਂ ਦੀ ਤਰੱਕੀ ਦਾ ਸੋਖਾ ਸਾਧਨ ਹੋ ਸਕਦਾ ਹੈ।

ਅਸਲ ਵਿੱਚ ਭਿੰਨ-ਭਿੰਨ ਬੋਲੀਆਂ ਤੇ ਸਭਿਆਚਾਰਾਂ ਵਾਲੇ ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਰਾਸ਼ਟਰੀ ਪਾਰਟੀਆਂ ਆਮ ਲੋਕਾਂ ਦੀਆਂ ਸਮੱਸਿਆਵਾਂ ਸਮਝ ਹੀ ਨਹੀਂ ਸਕਦੀਆਂ।

ਮੈਂ ਪਹਿਲਾ ਕਿਤੇ ਲਿਖਿਆਂ ਸੀ ਕਿ ਜਥੇਦਾਰ ਟੌਹੜਾ ਨੂੰ ਹੁਣ ਸਿਆਸਤ ਛੱਡ ਕੇ ਆਰਾਮ ਨਾਲ ਘਰ ਬੈਠ ਜਾਣਾ ਚਾਹੀਦਾ ਹੈ। ਉਹ ਲਗਭਗ 25 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਧਾਰਮਿਕ ਸੰਸਥਾਂ ਦਾ ਪ੍ਰਧਾਨ ਰਿਹਾ ਹੈ ਇਸ ਦੀ ਇਜ਼ੱਤ ਦਾ ਖਿਆਲ ਰੱਖ ਕੇ ਜਾਂ ਸਿਰਫ ਉਸ ਨੂੰ ਧਾਰਮਿਕ ਕੰਮਾਂ ਤਕ ਹੀ ਸੀਮਤ ਹੋ ਜਾਣਾ ਚਾਹੀਦਾ ਸੀ। ਜੇਕਰ ਉਹ ਅਜਿਹਾ ਕਰ ਸਕਦਾ ਤਾਂ ਅੱਜ ਉਸ ਦਾ ਕੱਦ ਬਹੁਤ ਉਚਾ ਹੋਣਾ ਸੀ ਤੇ ਅਕਾਲੀ ਦਲ ਵੀ ਪਹਿਲਾਂ ਨਾਲੋਂ ਜ਼ਿਆਦਾ ਮਜ਼ਬੂਤ ਤੇ ਚੜ੍ਹਦੀ ਕਲ੍ਹਾ ਵਿੱਚ। ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਮੈਂ ਉਸ ਦੇ ਅਕਾਲੀ ਦਲ ਨੂੰ ਜਮਾਨਤ ਜ਼ਬਤ ਅਕਾਲੀ ਦਲ ਦਾ ਨਾਮ ਦਿੱਤਾ ਸੀ ਜਿਹੜਾ ਕਿ ਬਾਅਦ ਵਿੱਚ ਸਹੀ ਸਿੱਧ ਹੋਇਆ ਤੇ ਨਵਾਂਸ਼ਹਿਰ ਦੀ ਉਪਚੋਣ ਨੇ ਇੱਕ ਵਾਰ ਫਿਰ ਇਸ ਤੇ ਮੋਹਰ ਲਾ ਦਿੱਤੀ ਹੈ। ਪੰਜਾਬ ਦੇ ਲੋਕ ਦਹਾਕਿਆਂ ਤੋਂ ਸਦਾ ਇਕੋ ਹੀ ਅਕਾਲੀ ਦਲ ਨੂੰ ਮਾਨਤਾ ਦਿੰਦੇ ਆਏ ਹਨ ਤੇ ਅੱਜ ਨਵਾਂਸ਼ਹਿਰ ਤੋਂ ਅਕਾਲੀ ਦਲ ਟੌਹੜਾ ਦੇ ਉਮੀਦਵਾਰ ਦਾ ਅੱਧਾ ਪ੍ਰਤੀਸ਼ਤ ਵੀ ਵੋਟਾਂ ਨਾਂ ਲਿਜਾ ਸਕਣਾ ਇਸ ਦਾ ਪ੍ਰਤੱਖ ਪ੍ਰਮਾਣ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਯਾਰੋ ਕਿ ਆਪਣੇ ਆਪ ਨੂੰ ਸਰਬ ਹਿੰਦ ਅਕਾਲੀ ਕਹਿਣ ਵਾਲੇ ਇੱਕ ਵਿਧਾਨ ਸਭਾ ਹਲਕੇ ਚ ਇੱਕ ਪਿੰਡ ਜਿੰਨੀਆਂ ਵੋਟਾਂ ਵੀ ਨਾਂ ਪ੍ਰਾਪਤ ਕਰ ਸਕਣ। ਕੇਵਲ 484 ਵੋਟਾਂ ਦੀ ਪ੍ਰਾਪਤੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਨੂੰ ਸਿਧਾ ਸੰਕੇਤ ਹੈ ਕਿ ਉਹ ਕਦੀ ਜਥੇਦਾਰਾਂ ਦੀ ਬਰਖਾਸਤਗੀ ਤੇ ਕਦੀ ਅਕਾਲ ਤਖਤ ਦੀ ਮਰਿਯਾਦਾ ਦੀ ਦੁਹਾਈ ਪਾ ਕੇ ਕਾਂਗਰਸ ਦੀ ਸਿੱਧੀ ਸਪਸ਼ਟ ਹਮਾਇਤ ਕਰਨੀ ਆਪਣੇ ਆਪ ਹੀ ਬੰਦ ਕਰੇ ਨਹੀਂ ਤਾਂ ਵੋਟਰ ਨਵਾਂਸ਼ਹਿਰ ਵਾਂਗ ਆਪ ਹੀ ਕਰ ਦਿਆ ਕਰਦੇ ਹਨ।

ਬਹੁਤ ਲੋਕ ਨਵਾਂਸ਼ਹਿਰ ਤੋਂ ਬਾਦਲ ਅਕਾਲੀ ਦਲ ਦੇ ਉਮੀਦਵਾਰ ਦੁਆਰਾ 59533 ਵੋਟਾਂ ਲੈ ਜਾਣ ਕਾਰਨ ਹੈਰਾਨ ਹਨ ਪਰ ਮੇਰੇ ਖਿਆਲ ਵਿੱਚ ਇਸ ਵਿੱਚ ਹੈਰਾਨੀ ਵਾਲੀ ਕੋਈ ਖਾਸ ਗਲ ਨਹੀਂ। 1997 ਦੀਆਂ ਚੋਣਾਂ ਵਿੱਚ ਚਰਨਜੀਤ ਚੰਨੀ 35933 ਵੋਟਾਂ ਲੈ ਗਿਆ ਸੀ ਤੇ ਇਸ ਵਾਰ ਕਾਂਗਰਸ ਨੂੰ 33022 ਵੋਟਾਂ ਮਿਲੀਆਂ ਪਹਿਲਾਂ ਨਾਲੋਂ ਲਗਭਗ 3 ਹਜ਼ਾਰ ਘੱਟ। 1997 ਵਿੱਚ ਜਤਿੰਦਰ ਸਿੰਘ ਕਰੀਹਾ ਨੂੰ 32942 ਵੋਟਾਂ ਮਿਲੀਆਂ ਸਨ ਪਰ ਇਸ ਵਾਰ 59533 ਲਗਭਗ 26591 ਵੋਟਾਂ ਵਾਧੂ ਮਿਲੀਆਂ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ 26 ਹਜ਼ਾਰ ਤੋਂ ਵੱਧ ਵੋਟ ਕਿਥੋਂ ਆਈ? ਇਸ ਦਾ ਜਵਾਬ ਇਹ ਹੈ ਕਿ ਪਹਿਲੇ ਨੰਬਰ ਤੇ 1997 ਨਾਲੋਂ ਇਸ ਵਾਰ ਵੋਟਾਂ ਹੀ 6 ਹਜ਼ਾਰ ਵੱਧ ਪੋਲ ਹੋਈਆਂ ਜਿਸ ਦਾ ਸਾਰਾ ਫਾਇਦਾ ਅਕਾਲੀ ਦਲ ਨੂੰ ਹੋਇਆ। ਨੰਬਰ ਦੋ ਬਹੁਜਨ ਸਮਾਜ ਦੇ ਉਮੀਦਵਾਰ ਦਰਸ਼ਨ ਲਾਲ ਜੇਠੂਮਜਾਰਾ ਨੂੰ 1997 ਦੀਆਂ ਚੋਣਾਂ ਵਿੱਚ 24643 ਵੋਟਾਂ ਮਿਲੀਆਂ ਸਨ ਪਰ ਇਸ ਵਾਰ

(ਬਾਕੀ ਸਫਾ 21 ਤੇ)



When image is everything



CLEARBROOK PHOTOGRAPHY
2623 CEDAR PARK PLACE, ABBOTSFORD, B.C. V2T 3S4
(604) 859-4222 1-888-571-4222
Fax: (604) 859-4242 www.photoart.bc.ca

ਬੱਚਿਆਂ ਦੀ ਪੜ੍ਹਾਈ 'ਚ ਰੁਚੀ ਕਿਵੇਂ ਬਣੇ?

ਪ੍ਰੋਫੈਸਰ ਹਰਦਿਆਲ ਸਿੰਘ ਔਲਖ

'ਰੁਚੀ ਧਿਆਨ ਦੀ ਜਣਨੀ ਹੈ ਤੇ ਧਿਆਨ ਰੁਚੀ ਦਾ ਪਾਲਕ ਹੈ' ਦੇ ਕਥਨ ਅਨੁਸਾਰ ਰੁਚੀ ਅਤੇ ਧਿਆਨ ਦਾ ਆਪਸੀ ਸੁਮੇਲ ਹੈ। ਜੇ ਇਨ੍ਹਾਂ ਵਿਚੋਂ ਇਕ ਪੱਖ ਵੀ ਢਿੱਲਾ ਅਰਥਾਤ ਕਮਜ਼ੋਰ ਰਹਿ ਗਿਆ ਤਾਂ ਕੁਦਰਤੀ ਹੈ ਕਿ ਬੱਚੇ ਪੜ੍ਹਾਈ ਪੱਖੋਂ ਪਛੜ ਜਾਣਗੇ। ਪੜ੍ਹਾਈ ਵਾਲੇ ਪਾਸੇ ਧਿਆਨ ਤਦ ਹੀ ਜਾਵੇਗਾ ਜੇ ਬੱਚੇ ਦੀ ਰੁਚੀ ਹੋਵੇਗੀ। ਇਸ ਲਈ ਇਨ੍ਹਾਂ ਦੋਨਾਂ ਪੱਖਾਂ ਵੱਲ ਇਕਸਾਰ ਧਿਆਨ ਦੇਣ ਸਦਕਾ ਹੀ ਬੱਚਿਆਂ ਦੀ ਪੜ੍ਹਾਈ ਵਿੱਚ ਰੁਚੀ ਬਣਾਈ ਜਾ ਸਕਦੀ ਹੈ।

ਪੜ੍ਹਾਈ ਵਿੱਚ ਰੁਚੀ ਪ੍ਰਫੁਲਿਤ ਕਰਨ ਲਈ ਕੇਵਲ ਅਧਿਆਪਕ ਹੀ ਨਹੀਂ ਸਗੋਂ ਸਮਾਜ ਅਰਥਾਤ ਮਾਤਾ ਪਿਤਾ ਦੇ ਸਹਿਯੋਗ ਦੀ ਅਤਿਅੰਤ ਲੋੜ ਹੈ। ਉਹਨਾਂ ਸਾਰੇ ਪਹਿਲੂਆਂ, ਜਿਨ੍ਹਾਂ ਸਦਕਾ ਬੱਚੇ ਦੀ ਪੜ੍ਹਾਈ ਵਿੱਚ ਰੁਚੀ ਨੂੰ ਬਣਾਇਆ ਜਾ ਸਕੇ ਅਤੇ ਉਸ ਦੇ ਧਿਆਨ ਨੂੰ ਕੇਂਦਰਿਤ ਕੀਤਾ ਜਾ ਸਕੇ ਉਤੇ ਵਿਸਥਾਰ ਸਹਿਤ ਚਾਨਣਾ ਪਾਉਣ ਦੀ ਲੋੜ ਹੈ। ਹੇਠ ਲਿਖੇ ਪਹਿਲੂਆਂ ਉਤੇ ਅਧਿਆਪਕ ਅਤੇ ਮਾਤਾ ਪਿਤਾ ਦੇ ਧਿਅਨ ਦੇਣ ਸਦਕਾ ਬੱਚਿਆ ਦੀ ਪੜ੍ਹਾਈ ਵਿੱਚ ਰੁਚੀ ਨੂੰ ਸਹਿਜੇ ਹੀ ਬਣਾਇਆ ਜਾ ਸਕਦਾ ਹੈ :-

ਮੁੱਢਲੀ ਤਿਆਰੀ

ਕਿਸੇ ਨੇ ਠੀਕ ਹੀ ਕਿਹਾ ਹੈ ਕਿ ਚੰਗੇ ਆਰੰਭ ਦਾ ਅੰਤ ਵੀ ਚੰਗਾ ਹੀ ਹੁੰਦਾ ਹੈ। ਪਹਿਲਾਂ ਪਹਿਲ ਪਏ ਪ੍ਰਭਾਵ ਦਾ ਅਸਰ ਅਖੀਰ ਤਕ ਰਹਿੰਦਾ ਹੈ। ਇਸ ਲਈ ਬੱਚਾ ਜਦੋਂ ਸਕੂਲ ਦਾਖਲ ਕਰਵਾਇਆ ਜਾਂਦਾ ਹੈ ਤਾਂ ਉਸ ਦਾ ਮਨ ਕੋਰੇ ਕਾਗਜ਼ ਦੀ ਤਰ੍ਹਾਂ ਹੁੰਦਾ ਹੈ; ਉਸ ਸਮੇਂ ਅਧਿਆਪਕ ਜਿਸ ਤਰ੍ਹਾਂ ਦੇ ਗੁਣ ਉਸ ਵਿੱਚ ਭਰ ਦੇਵੇਗਾ, ਉਹ ਸਦੀਵੀ ਹੋਣਗੇ। ਇਹ ਉਹ ਸਮਾਂ ਹੁੰਦਾ ਹੈ ਜਦੋਂ ਬੱਚੇ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ। ਮਨੋਵਿਗਿਆਨ ਸਾਨੂੰ ਪੁਕਾਰ ਪੁਕਾਰ ਕੇ ਕਹਿ ਰਿਹਾ ਹੈ ਕਿ ਅਧਿਆਪਕ ਨੂੰ ਬੱਚੇ ਦੀਆਂ ਰੁਚੀਆਂ, ਪ੍ਰਵਿਰਤੀਆਂ ਅਤੇ ਮਨੋਭਾਵਨਾਵਾਂ ਨੂੰ ਸਮਝ ਕੇ ਉਸ ਅਨੁਸਾਰ ਕੰਮ ਆਰੰਭ ਕਰਨਾ ਚਾਹੀਦਾ ਹੈ। ਬੱਚਾ ਪਿਆਰ ਚਾਹੁੰਦਾ ਹੈ ਕਿਉਂਕਿ ਘਰੇਲੂ ਵਾਤਾਵਰਣ ਵਿਚੋਂ ਖੇਡਣ, ਕੁੱਦਣ,ਮੌਜਾਂ ਮਾਨਣ ਅਤੇ ਮਾਂ ਬਾਪ ਦੇ ਲਾਡ-ਪਿਆਰ ਦਾ ਉਸ ਉਤੇ ਅਸਰ ਹੁੰਦਾ ਹੈ। ਜਦ ਉਸ ਨੂੰ ਸਕੂਲ ਦਾਖਲ ਕਰਵਾਇਆ ਜਾਂਦਾ ਹੈ ਤਾਂ ਉਸ ਦਾ ਘੁੱਟਣ ਜਿਹੀ ਮਹਿਸੂਸ ਕਰਨਾ ਕੁਦਰਤੀ ਹੈ। ਇਸ ਸਮੇਂ ਅਧਿਆਪਕ ਦਾ ਫਰਜ਼ ਬਣਦਾ ਹੈ ਕਿ ਉਹ ਆਉਂਦੇ ਸਾਰ ਹੀ ਬੱਚੇ ਲਈ ਹਊਆ ਨਾ ਬਣੇ, ਸਗੋਂ ਉਸ ਨੂੰ ਘਰ ਵਰਗਾ ਪਿਆਰ ਅਤੇ ਸਤਿਕਾਰ ਦੇਵੇ ਤਾਂ ਜੋ ਬੱਚੇ ਨੂੰ ਘਰ ਦੀ ਯਾਦ ਭੁੱਲ ਜਾਵੇ ਤੇ ਉਸ ਦਾ ਸਕੂਲ ਵਿੱਚੋਂ ਜਾਣ ਨੂੰ ਦਿਲ ਨਾ ਕਰੇ। ਉਹ ਸਕੂਲ ਨੂੰ ਆਪਣਾ ਘਰ ਸਮਝਣ ਲੱਗ ਜਾਵੇਗਾ ਤੇ ਉਸ ਵਿੱਚੋਂ ਸਕੂਲ ਜਾਣ ਦਾ ਡਰ ਦੂਰ ਹੋ ਜਾਵੇਗਾ।

ਇਸ ਲਈ ਮੁੱਢਲੀ ਤਿਆਰੀ ਦੇ ਤੌਰ ਤੇ ਬੱਚਿਆਂ ਨੂੰ ਖੇਡਾਂ ਖੇਡਣ ਦੇਣਾ ਅਤੇ ਸਿੱਖਿਆਦਾ ਇਕ ਕਹਾਣੀਆਂ ਨੂੰ ਸੁਣਾਉਣੀਆਂ ਚਾਹੀਦੀਆਂ ਹਨ ਕਿਉਂਕਿ ਛੋਟੀ ਉਮਰ ਦੇ ਬੱਚੇ ਖੇਡਣ ਅਤੇ ਕਹਾਣੀਆਂ ਸੁਣਨ ਵਿੱਚ ਬਹੁਤ ਰੁਚੀ ਰੱਖਦੇ ਹਨ।
ਪਹਿਲੀ ਸ਼੍ਰੇਣੀ ਵਿੱਚ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਬੱਚੇ ਦਾ ਸਕੂਲ ਨਾਲ ਪਿਆਰ ਬਣਾਉਣ ਲਈ ਘੱਟੋ ਘੱਟ ਪਹਿਲੇ ਤਿੰਨ ਮਹੀਨੇ ਉਸ ਨੂੰ ਪਿਆਰ ਅਤੇ ਸਤਿਕਾਰ ਦੇ ਕੇ ਸਕੂਲ ਆਉਣ ਲਈ ਪ੍ਰੇਰਿਤ ਕਰਣ।

ਸਕੂਲ ਸਜਾਵਟ

ਸੁੰਦਰਤਾ ਨੂੰ ਹਰ ਕੋਈ ਪਿਆਰ ਕਰਦਾ ਹੈ। ਸੁੰਦਰਤਾ ਦੀ ਆਪਣੀ ਹੀ ਵਿੱਲਖਣਤਾ ਹੁੰਦੀ ਹੈ। ਜਿਥੇ ਅਧਿਆਪਕ ਨੂੰ ਬੱਚਿਆ ਦੀ ਨਿੱਜੀ ਸਫਾਈ ਵੱਲ ਧਿਆਨ ਦੇਣ ਦੀ ਲੋੜ ਹੈ, ਉਥੇ ਸਕੂਲ ਦਾ ਚੁਗਿਰਦਾ, ਕਮਰੇ, ਵਰਾਂਡੇ ਅਤੇ ਚਾਰ ਦੀਵਾਰੀ ਉਤੇ ਵਿਦਿਅਕ ਮਾਟੋ ਆਦਿ ਲਿਖੇ ਹੋਣੇ ਚਾਹੀਦੇ ਹਨ ਅਤੇ ਸਕੂਲ ਦਾ ਮੈਦਾਨ ਅਤੇ ਆਲਾ ਦੁਆਲਾ ਭੀ ਸਾਫ ਸੁਥਰਾ ਹੋਣਾ ਚਾਹੀਦਾ ਹੈ। ਸਕੂਲ ਦੀ ਦਿੱਖ ਦੂਰ ਤੋਂ ਹੀ ਦਿਖਾਈ ਦੇਵੇ ਤਾਂ ਜੋ ਬੱਚਾ ਆਪਣੇ ਆਪ ਸਕੂਲ ਵੱਲ ਦੌੜਦਾ ਆਵੇ। ਭਿੰਨ ਭਿੰਨ ਤਰ੍ਹਾਂ ਦੇ ਫੁੱਲਾਂ ਦੀਆਂ ਕਿਆਰੀਆਂ ਆਦਿ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਇਹ ਕੰਮ ਕੋਈ ਔਖਾ ਨਹੀਂ। ਇਕਵਾਰ ਫੁੱਲਾਂ ਦੀ ਪਨੀਰੀ ਲਾ ਕੇ ਉਸ ਨੂੰ ਹਰ ਸਾਲ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਕੁੱਝ ਸਦਾ ਬਹਾਰ ਪੌਦੇ ਲਾਏ ਜਾ ਸਕਦੇ ਹਨ ਤਾਂ ਜੋ ਹਰਿਆਵਲ ਹਮੇਸ਼ਾ ਰਹਿ ਸਕੇ। ਹਰਿਆਵਲ ਜਿਥੇ ਸਕੂਲ ਸੁੰਦਰਤਾ ਵਿੱਚ ਵਾਧਾ ਕਰਦੀ ਹੈ, ਉਥੇ ਬੱਚਿਆ ਦੀ ਅੱਖਾਂ ਦੀ ਰੋਸ਼ਨੀ ਵਿਚ ਵਾਧਾ ਤੇ ਦਿਮਾਗ ਨੂੰ ਤਾਜ਼ਗੀ ਦਿੰਦੀ ਹੈ। ਅਧਿਆਪਕ ਦਾ ਇਹ ਇਖਲਾਕੀ ਫਰਜ਼ ਬਣਦਾ ਹੈ ਕਿ ਉਹ ਸਕੂਲ ਨੂੰ ਆਪਣਾ ਘਰ ਸਮਝਦੇ ਹੋਏ ਉਸ ਨੂੰ ਹਰ ਪੱਖੋਂ ਸੁੰਦਰ ਬਨਾਉਣ ਵਿੱਚ ਆਪਣਾ ਪੂਰਾ ਯੋਗਦਾਨ ਪਾਵੇ।

ਬੈਠਣ ਦਾ ਪ੍ਰਬੰਧ

ਬੱਚਿਆਂ ਦੇ ਬੈਠਣ ਦਾ ਯੋਗ ਪ੍ਰਬੰਧ ਹੋਣਾ ਚਾਹੀਦਾ ਹੈ। ਇਹ ਕੰਮ ਅਧਿਆਪਕ ਦੇ ਉਦੱਮ ਸਦਕਾ ਪੂਰਾ ਹੋ ਸਕਦਾ ਹੈ। ਅਧਿਆਪਕ, ਪੰਚਾਇਤ ਅਤੇ ਮਾਪੇ-ਅਧਿਆਪਕ ਸੰਸਥਾ ਦੇ ਸਹਿਯੋਗ ਨਾਲ ਬੱਚਿਆ ਲਈ ਲੋੜੀਦਾ ਫਰਨੀਚਰ ਆਦਿ ਤਿਆਰ ਕਰਵਾ ਕੇ ਇਸ ਘਾਟ ਨੂੰ ਪੂਰਾ ਕਰ ਸਕਦਾ ਹੈ। ਭਾਵੇਂ ਸਰਕਾਰ ਵਲੋਂ ਵੀ ਇਸ ਘਾਟ ਨੂੰ ਪੂਰਾ ਕਰਨ ਲਈ ਉਪਰਾਲੇ ਕੀਤੇ ਜਾਂਦੇ ਹਨ। ਅਧਿਆਪਕ ਆਪਣੇ ਬਲਾਕ ਪ੍ਰਾ: ਸਿੱਖਿਆ ਅਫਸਰ ਜਾਂ ਜ਼ਿਲਾ ਸਿੱਖਿਆ ਅਫਸਰ ਨਾਲ ਤਾਲਮੇਲ ਕਰਕੇ ਇਸ ਘਾਟ ਨੂੰ ਪੂਰਾ ਕਰਨ ਲਈ ਪੂਲ ਮਨੀ ਵਿਚੋਂ ਪੈਸਿਆਂ ਦੀ ਮੰਗ ਕਰਨ ਲਈ ਲਿਖਾ-ਪੜ੍ਹੀ ਕਰ ਸਕਦਾ ਹੈ। ਜੇ ਕਮਰਿਆਂ ਦੀ ਬੁੜ ਹੈ ਤਾਂ ਅਧਿਆਪਕ ਰੁੱਖਾਂ ਹੇਠਾਂ ਜਮਾਤਾਂ ਲਗੰਾ ਕੇ ਉਥੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਚੱਲਦਾ ਫਿਰਦਾ ਬਲੈਕ ਬੋਰਡ ਅਤੇ ਸਿੰਗਲ ਡੈਸਕ ਆਦਿ ਨਾਲ ਕੰਮ ਚਲਾ ਸਕਦਾ ਹੈ। ਇਸ ਤਰ੍ਹਾਂ ਬੱਚੇ ਕੁਦਰਤੀ ਵਾਤਾਵਾਰਣ ਦਾ ਆਨੰਦ ਵੀ ਮਾਣ ਸਕਦੇ ਹਨ।

ਸਹਾਇਕ ਸਮੱਗਰੀ

ਇਕ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਲਗਭਗ 75 ਪ੍ਰਤੀਸ਼ਤ ਸਕੂਲ ਪਿੰਡਾਂ ਵਿੱਚ ਹਨ। ਸਹਾਇਕ ਸਮੱਗਰੀ ਖਰੀਦਣ ਲਈ ਸਕੂਲਾਂ ਵਿੱਚ ਫੰਡਾ ਦੀ ਕਮੀ ਹੈ। ਇਸ ਕਮੀ ਨੂੰ ਪੂਰਾ ਕਰਨ ਲਈ ਅਧਿਆਪਕ ਨੂੰ ਸਸਤੀ ਸਹਾਇਕ ਸਮੱਗਰੀ ਦਾ ਪ੍ਰਬੰਧ ਬੱਚਿਆਂ ਦੀ ਸਹਾਇਤਾ ਨਾਲ ਚੁਗਿਰਦੇ ਦੇ ਵਿਚੋਂ ਹੀ ਕਰ ਲੈਣਾ ਚਾਹੀਦਾ ਹੈ। ਜਿਵੇਂ ਕਿ ਰੁੱਖਾਂ ਦੇ ਪੱਤੇ, ਭਿੰਨ ਭਿੰਨ ਪੌਦੇ, ਮਿੱਟੀ ਅਤੇ ਦੀਆ ਸਿਲਾਈ ਦੀਆਂ ਡੱਬੀਆਂ ਆਦਿ ਰਾਹੀਂ ਗਣਿਤ ਅਤੇ ਵਿਗਿਆਨ ਵਿਸ਼ੇ ਦੀ ਪੜ੍ਹਾਈ ਨੂੰ ਸੁਖਾਲੇ ਢੰਗ ਨਾਲ ਸਮਝਾਇਆ ਜਾ ਸਕਦਾ ਹੈ। ਜੋੜ ਅਤੇ ਘਟਾਓ ਦੇ ਪ੍ਰਸ਼ਨ ਸਮਝਾਉਣ ਲਈ ਤੀਲੀਆਂ, ਮਿੱਟੀ ਦੀਆਂ ਗੋਲੀਆਂ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਜਿਹੀ ਸਲੇਟ, ਜਿਸ ਉਪੱਰ ਤਾਰਾਂ ਵਿੱਚ ਮਣਕੇ ਆਦਿ ਲਗਾਏ ਹੁੰਦੇ ਹਨ ਤੋਂ ਵੀ ਜੋੜ ਅਤੇ ਘਟਾਓ ਆਦਿ ਦੇ ਪ੍ਰਸ਼ਨ ਸਮਝਾਉਣ ਵਿੱਚ ਆਸਾਨੀ ਹੁੰਦੀ ਹੈ। ਰੇਖਾ ਗਣਿਤ ਲਈ ਗੰਤੇ ਦੇ ਟੁਕੜੇ, ਡੱਬੀਆਂ ਆਦਿ ਦੀ ਵਰਤੋਂ ਕੀ ਤੀ ਜਾ ਸਕਦੀ ਹੈ। ਲੋੜ ਅਨੁਸਾਰ ਚਿੱਤਰ, ਚਾਰਟ ਅਤੇ ਮਿੱਟੀ ਦੇ ਮਾਡਲ ਤਿਆਰ ਕਰਕੇ ਬੱਚਿਆਂ ਦੀ ਰੁਚੀ ਨੂੰ ਪੜ੍ਹਾਈ ਵੱਲ ਖਿੱਚਿਆ ਜਾ ਸਕਦਾ ਹੈ। ਖੇਡ ਖੇਡ ਰਾਹੀਂ ਸਿੱਖਿਆ ਦੇਣ ਦੀ ਵਿਧੀ ਨੂੰ ਅਪਣਾਕੇ ਪਾਠ ਨੂੰ ਸੁਖਾਲੇ ਅਤੇ ਰੋਚਕ ਢੰਗ ਨਾਲ ਪੜ੍ਹਾਇਆ ਜਾ ਸਕਦਾ ਹੈ।

ਪਾਠ ਯੋਜਨਾ ਬੱਚਿਆਂ ਦੀ ਮਾਨਸਿਕ ਪੱਧਰ ਅਨੁਸਾਰ ਬਣਾਈ ਜਾਣੀ ਚਾਹੀਦੀ ਹੈ। ਬੋਲੋੜਾ ਭਾਰ ਵੀ ਬੱਚਿਆਂ ਦੀ ਪੜ੍ਹਣ ਦੀ ਰੁਚੀ ਵਿੱਚ ਰੁਕਾਵਟ ਬਣਦਾ ਹੈ। ਅਧਿਆਪਕ ਸਿਰਫ ਕਿਤਾਬ ਤੋਂ ਪੜ੍ਹ ਕੇ ਹੀ ਪਾਠ ਨੂੰ ਨਾ ਸਮਝਾਵੇ, ਬਲਕਿ ਲੋੜ ਅਨੁਸਾਰ ਬਲੈਕ ਬੋਰਡ ਤੇ ਚਿੱਤਰ ਉਲੀਕ ਕੇ ਪਾਠ ਨੂੰ ਰੋਚਕ ਬਣਾਵੇ ਤਾਂ ਜੋ ਬੱਚਾ ਧਿਆਨ ਨਾਲ ਸਮਝ ਕੇ ਯਾਦ ਰੱਖ ਸਕੇ। ਇੰਜ ਪੜ੍ਹਿਆ ਪਾਠ ਹਮੇਸ਼ਾ ਯਾਦ ਰਹਿੰਦਾ ਹੈ ਤੇ ਬੱਚਿਆ ਦੇ ਦਿਮਾਗ ਵਿੱਚ ਘਰ ਕਰ ਜਾਂਦਾ ਹੈ। ਸਹਾਇਕ ਸਮੱਗਰੀ ਦੀ ਵਰਤੋਂ ਨਾਲ ਬੱਚਿਆਂ ਦੀ ਪੜ੍ਹਾਈ ਵਿੱਚ ਰੁਚੀ ਨੂੰ ਵਧੇਰੇ ਪ੍ਰਫੁਲਿਤ ਕੀਤਾ ਜਾ ਸਕਦਾ ਹੈ।

(ਬਾਕੀ ਹਿੱਸਾ ਸਫਾ 15 ਤੇ)

OFFICE SPACE AVAILABLE FOR RENT

In Abbotsford 13,000 sq.ft space available in a brand new building. Will be ready end of this summer. 4 Punjabi doctors, 1 Punjabi Dentist, 1 Punjabi Pharmacist, 1 Punjabi Physiotherapy will be in the building. High traffic area.

For more information, please call Jasbir Manku at 852-5758.

ਆਫਿਸ ਜਗ੍ਹਾ ਕਿਰਾਏ ਲਈ ਖਾਲੀ

ਐਬਟਸਫੋਰਡ ਵਿੱਚ ਨਵੀਂ ਬਿਲਡਿੰਗ ਵਿੱਚ 13,000 ਸੁਕੇਅਰ ਫੁੱਟ ਜਗ੍ਹਾ ਕਿਰਾਏ ਲਈ ਖਾਲੀ ਹੈ ਜੋ ਕਿ ਬਹੁਤ ਜਲਦੀ ਤਿਆਰ ਹੋਣ ਵਾਲੀ ਹੈ। 4 ਪੰਜਾਬੀ ਡਾਕਟਰ, 1 ਪੰਜਾਬੀ ਡੈਂਟਿਸਟ, 1 ਪੰਜਾਬੀ ਫਾਰਮਾਸਿਸਟ, 1 ਪੰਜਾਬੀ ਫਿਜੀਉਥੈਰਪਿਸਟ ਇਸ ਬਿਲਡਿੰਗ ਵਿੱਚ ਹੋਣਗੇ। ਬਹੁਤ ਹੀ ਵਧੀਆ ਲੋਕੇਸ਼ਨ ਹੈ।

ਹੋਰ ਜਾਣਕਾਰੀ ਲਈ ਜਸਬੀਰ ਮਾਨਕੂ ਨੂੰ 852-5758 ਤੇ ਫੋਨ ਕਰੋ।

(ਸਫਾ 14 ਦਾ ਬਾਕੀ ਹਿੱਸਾ)

ਅਧਿਆਪਕ ਦਾ ਵਤੀਰਾ

ਅਧਿਆਪਕ ਦਾ ਵਿਅਕਤੀਤਵ ਇੰਨਾਂ ਪ੍ਰਭਾਵਸ਼ਾਲੀ ਤੇ ਦਿਲਕਸ਼ ਹੋਣਾ ਚਾਹੀਦਾ ਹੈ ਕਿ ਬੱਚਾ ਉਸ ਕੋਲ ਜਾਣ ਤੋਂ ਕੰਨੀ ਨਾ ਕਤਰਾਵੇ। ਅਧਿਆਪਕ ਦਾ ਵਤੀਰਾ ਵੀ ਬੱਚਿਆਂ ਦੀ ਪੜ੍ਹਾਈ ਵਿੱਚ ਰੁਚੀ ਬਣਾਈ ਰੱਖਣ ਵਿੱਚ ਸਹਾਈ ਸਿੱਧ ਹੁੰਦਾ ਹੈ। ਅਧਿਆਪਕ ਨੂੰ ਆਪਣੇ ਅੰਦਰ ਅਜਿਹੇ ਗੁਣ ਉਤਪੰਨ ਕਰਨੇ ਚਾਹੀਦੇ ਹਨ ਕਿ ਉਹ ਬੱਚਿਆਂ ਲਈ ਡਰਾਉਣਾ ਪੱਖ ਛੱਡ ਕੇ ਆਪਣੀ ਬੋਲੀ ਵਿੱਚ ਮਿਠਾਸ ਭਰਨ ਦਾ ਯਤਨ ਕਰੇ। ਔਖੜ ਵਤੀਰਾ ਬੱਚਿਆਂ ਵਿੱਚ ਸਹਿਮ ਤੇ ਡਰ ਪੈਦਾ ਕਰ ਦਿੰਦਾ ਹੈ। ਅਧਿਆਪਕ ਆਪਣੇ ਆਪ ਨੂੰ ਡਿਕਟੇਟਰ ਨਾ ਸਮਝਦੇ ਹੋਏ ਆਪਣੇ ਬੱਚਿਆਂ ਵਾਂਗ ਹੀ ਵਰਤਾਉ ਕਰੇ। ਪੁਰਾਣੀ ਕਹਾਵਤ "ਡੰਡਾ ਪੀਰ ਏ ਵਿਗੜਿਆਂ ਤਿਗੜਿਆਂ ਦਾ" ਬੱਚਿਆਂ ਤੇ ਲਾਗੂ ਨਾ ਕੀਤਾ ਜਾਵੇ। ਅੱਜ ਦੇ ਜ਼ਮਾਨੇ ਵਿੱਚ ਇਸ ਦਾ ਅਸਰ ਉਲਟ ਪੈਣਾ ਸੁਭਾਵਿਕ ਹੀ ਹੈ। ਜੇ ਕਰ ਬੱਚਾ ਗਲਤੀ ਕਰਦਾ ਹੈ ਤਾਂ ਉਸ ਨੂੰ ਉਸ ਦੇ ਲਾਭ ਹਾਨ ਆਦਿ ਦੱਸ ਕੇ ਉਸ ਨੂੰ ਪਿਆਰ ਨਾਲ ਸਮਝਾਇਆ ਜਾਣਾ ਚਾਹੀਦਾ। ਬੱਚਿਆਂ ਨੂੰ ਜਿੰਨਾਂ ਪਿਆਰ ਤੇ ਸਤਿਕਾਰ ਮਿਲੇਗਾ ਉਨਾਂ ਹੀ ਉਹ ਅਧਿਆਪਕ ਦਾ ਸਨਮਾਨ ਕਰਨਗੇ ਤੇ ਪੜ੍ਹਾਈ ਵਿੱਚ ਰੁਚੀ ਲੈਣਗੇ।

ਪੜ੍ਹਾਉਣ ਦੀਆਂ ਨਵੀਨ ਵਿਧੀਆਂ

ਅਧਿਆਪਕ ਨੂੰ ਪੜਾਉਣ ਦੀਆਂ ਨਵੀਨ ਵਿਧੀਆਂ ਵਰਤੋਂ ਵਿੱਚ ਲਿਆਉਣੀਆਂ ਚਾਹੀਦੀਆਂ ਹਨ। ਸਿੱਖਣ ਦੀ ਕਿਰਿਆ ਕਦੇ ਖਤਮ ਨਹੀਂ ਹੁੰਦੀ। ਵਿਅਕਤੀ ਹਰ ਪਲ ਅਰਥਾਤ ਜਨਮ ਤੋਂ ਲੈ ਕੇ ਅੰਤ ਤਕ ਸਿਖਦਾ ਹੀ ਰਹਿੰਦਾ ਹੈ। ਆਧੁਨਿਕ ਸਿੱਖਿਆ ਪ੍ਰਣਾਲੀ ਵਿਚ ਕਈ ਵਿਸ਼ਿਆਂ ਵਿੱਚ ਪਰਿਵਰਤਨ ਆਏ ਹਨ। ਅਧਿਆਪਕ ਨਵੇਂ ਪਾਠ ਕਰਮ ਅਨੁਸਾਰ ਤਿਆਰੀ ਕਰਕੇ ਉਨ੍ਹਾਂ ਨੂੰ ਸਮਝਾਉਣ ਲਈ ਸੁਖਾਲੇ ਢੰਗਾਂ ਬਾਰੇ ਜਾਣਕਾਰੀ ਪ੍ਰਾਪਤ ਕਰੇ। ਅਧਿਆਪਕ ਪਾਠ ਨੂੰ ਰੋਚਕ ਤਦ ਹੀ ਬਣਾ ਸਕੇਗਾ ਜੇਕਰ ਉਸ ਨੇ ਪਾਠ ਦਾ ਪਹਿਲਾ ਖ਼ੁਦ ਅਧਿਐਨ ਕੀਤਾ ਹੋਵੇਗਾ।

ਬੱਚਿਆਂ ਦੀ ਪੜ੍ਹਾਈ ਵਿੱਚ ਰੁਚੀ ਬਣਾਉਣ ਲਈ ਅਧਿਆਪਕ ਬੱਚਿਆਂ ਦੀਆਂ ਵੱਖ ਵੱਖ ਟੋਲੀਆਂ ਬਣਾਵੇ ਜਿਵੇਂ ਕਿ ਹੁਸ਼ਿਆਰ, ਦਰਮਿਆਨੇ ਅਤੇ ਕਮਜ਼ੋਰ ਆਦਿ। ਇੰਜ ਕਰਨ ਨਾਲ ਕਮਜ਼ੋਰ ਬੱਚਿਆਂ ਵਿੱਚ ਹੀਣ ਭਾਵਨਾ ਪੈਦਾ ਨਹੀਂ ਹੋਵੇਗੀ ਤੇ ਉਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਉਨ੍ਹਾਂ ਨੂੰ ਹੁਸ਼ਿਆਰ ਬੱਚਿਆ ਦੇ ਬਰਾਬਰ ਲਿਆਂਦਾ ਜਾ ਸਕਦਾ ਹੈ। ਕਮਜ਼ੋਰ ਬੱਚਿਆ ਨੂੰ ਕਦੇ ਵੀ ਨਿਰ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ। ਬੱਚੇ ਨੂੰ ਕਦੇ ਟੋਕਣਾ ਨਹੀਂ ਚਾਹੀਦਾ। ਏਦਾਂ ਉਨ੍ਹਾਂ ਦਾ ਵਿਕਾਸ ਰੁੱਕ ਜਾਂਦਾ ਹੈ।

ਮਾਪਿਆਂ ਦਾ ਯੋਗਦਾਨ

ਬੱਚਿਆਂ ਦੀ ਪੜ੍ਹਾਈ ਵਿੱਚ ਰੁਚੀ ਬਣਾਈ ਰੱਖਣ ਲਈ ਮਾਪਿਆਂ ਦਾ ਯੋਗਦਾਨ ਅਤਿ ਜ਼ਰੂਰੀ ਹੈ। ਮਾਪਿਆਂ ਨੂੰ ਹੋਰ ਸਿੱਖਿਅਤ ਕਰਨ ਦੀ ਲੋੜ ਹੈ। ਮਾਪਿਆਂ ਨੂੰ ਪੜ੍ਹਾਈ ਦੀਆਂ ਕਦਰਾਂ ਕੀਮਤਾਂ ਦਸਣ ਲਈ ਸਕੂਲ ਮੁੱਖੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਸੱਦ ਕੇ ਮਾਪੇ-ਅਧਿਆਪਕ ਸੰਸਥਾ ਦੀ ਸਥਾਪਨਾ ਕਰੇ। ਮਾਪੇ ਅਧਿਆਪਕ ਸੰਸਥਾ ਸਥਾਪਿਤ ਹੋਣ ਨਾਲ ਬੱਚਿਆਂ ਦੀਆਂ ਔਕੜਾਂ ਦਾ ਹੱਲ ਆਸਾਨੀ ਨਾਲ ਲਭਿਆ ਜਾ ਸਕਦਾ ਹੈ। ਸਮੇਂ ਸਮੇਂ ਸਿਰ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਸਮਾਗਮਾਂ ਵਿੱਚ ਬੁਲਾਇਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਆਪਣੇ ਬੱਚੇ ਦੀ ਪੜ੍ਹਾਈ ਅਤੇ ਉਸ ਦੇ ਆਚਰਨ ਦਾ ਪਤਾ ਚਲਦਾ ਰਹੇਗਾ। ਬੱਚਿਆਂ ਨੂੰ ਵੀ ਇਹ ਪਤਾ ਹੋਵੇਗਾ ਕਿ ਉਨ੍ਹਾਂ ਦੀ ਨਿਗਰਾਨੀ ਕਰਨ ਵਾਲਾ ਵੀ ਕੋਈ ਹੈ। ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਬੱਚੇ ਨੂੰ ਸਕੂਲ ਦਾ ਜੋ ਕੰਮ ਮਿਲਿਆ ਹੈ, ਉਸ ਦੀ ਪੂਰਤੀ ਲਈ ਲੋੜੀਂਦਾ ਸਾਮਾਨ ਲੈ ਕੇ ਦੇਣ ਤਾਂ ਜੋ ਬੱਚੇ ਦੀ ਰੁਚੀ ਪ੍ਰਫੁਲਿਤ ਹੋ ਸਕੇ ਅਤੇ ਨਿਤ ਪ੍ਰਤੀ ਮਿਲੇ ਕੰਮ ਨੂੰ ਨੇਪਰੇ ਚਾੜ੍ਹ ਸਕੇ। ਇਸ ਤਰ੍ਹਾਂ ਉਸ ਦੀ ਪੜ੍ਹਾਈ ਵਿੱਚ ਰੁਚੀ ਹੋਰ ਵਧੇਗੀ।

ਮੁਕਾਬਲੇ

ਮੁਕਾਬਲਾ ਕਰਨ ਦੀ ਭਾਵਨਾ ਬੱਚੇ ਦੇ ਅੰਗੇ ਵਧਣ ਲਈ ਸ਼ਲਾਘਾ ਯੋਗ ਉਦੱਮ ਹੈ। ਅਧਿਆਪਕ ਨੂੰ ਬੱਚਿਆਂ ਦੀ ਪੜ੍ਹਾਈ ਵਿੱਚ ਰੁਚੀ ਬਣਾਈ ਰੱਖਣ ਲਈ ਹਫਤੇ ਵਿੱਚ ਘੱਟੋ ਘੱਟ ਇਕ ਵਾਰ ਭਿੰਨ ਭਿੰਨ ਵ

ਸਥਾਨਕ ਖਬਰਾਂ

ਗਾਹਕ ਕਿ ਲੁਟੇਰਾ?

25-30 ਸਾਲਾ, 5' ,3" ਉਚੱਾ। ਤੇਜ਼ ਨੈਣ-ਨਕਸ਼ਾ ਵਾਲਾ ਗੋਰਾ ਨੌ-ਜੁਆਨ, ਕਾਲਾ/ਨੀਲਾ ਅਤੇ ਸਫੇਦ ਪਿੰਨਸਟਰਾਈਪ ਓਵਰਆਲ ਪਹਿਨੇ ਹੋਏ ਬੀਤੇ ਫ਼ਰਿਚੱਰਵਾਰ ਵੈਸਟ ਓਕਸ ਸੀ.ਆਈ.ਬੀ.ਸੀ. ਦੀ ਗਾਹਕਾਂ ਵਾਲੀ ਲਾਈਨ 'ਚ ਖੜਾ ਬੜੇ ਸਬਰ ਨਾਲ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਿਹਾ ਸੀ। ਟੈਲਰ ਕੋਲ ਪਹੁੰਚ ਕੇ ਬੜੀ ਸ਼ਾਂਤੀ ਨਾਲ ਉਸਨੇ ਉਸਨੂੰ ਕਿਹਾ ਕਿ ਮੈਂ ਹਥਿਆਰਬੰਦ ਲੁਟੇਰਾ ਹਾਂ, ਜੋ ਵੀ ਕੈਸ਼ ਤੇਰੇ ਕੋਲ ਹੈ, ਮੇਰੇ ਹਵਾਲੇ ਕਰ ਦੇ। ਤੁਰੰਤ, ਕੈਸ਼ ਲੈ ਕੇ ਉਹ ਮਲਕੜੇ ਹੀ ਉਥੋਂ ਚਲੇ ਜਾਣ ਚ ਕਾਮਯਾਬ ਹੋ ਗਿਆ। ਜੇ ਕਿਸੇ ਨੂੰ ਵੀ ਉਹਦੇ ਬਾਰੇ ਪਤਾ ਲੱਗੇ, ਉਹ ਟੈਲੀਫੋਨ ਨੰ: 859-5225 ਤੇ ਐਬਟਸਫੋਰਡ ਪੁਲੀਸ ਨੂੰ ਸੂਚਨਾ ਦੇਵੇ।

ਹਾਈ-ਰਿਸਕ ਬਰਥ

ਮਿਸ਼ਨ ਮੈਮੋਰੀਅਲ ਹਸਪਤਾਲੋਂ ਬਾਹਰ

ਹਾਈ-ਰਿਸਕ ਜਨਮ ਦੇਣ ਵਾਲੀਆਂ ਮਾਂਵਾਂ ਨੂੰ ਅੱਗੇ ਵਾਸਤੇ ਮਿਸ਼ਨ ਦੇ ਬਜਾਇ ਐਬਟਸਫੋਰਡ ਆਉਣ ਪਵੇਗਾ। ਫ੍ਰੇਜ਼ਰ ਵੈਲੀ ਹੈਲੱਥ ਰੀਜ਼ਨ ਵਲੋਂ ਅਜਿਹੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਮਿਸ਼ਨ ਮੈਮੋਰੀਅਲ ਹਸਪਤਾਲ ਵਿੱਚ ਕੇਵਲ ਬੇਸਿਕ ਬਰਥ ਹੀ ਹੋਇਆ ਕਰਨਗੇ, ਕਿਉਂਕਿ ਇਸ ਹਸਪਤਾਲ ਨੂੰ ਕੇਵਲ ਲੈਵਲ-1 ਕੈਅਰ ਫੇਸਿਲਿਟੀ ਤਕ ਹੀ ਸੀਮਿਤ ਕੀਤਾ ਜਾ ਰਿਹਾ ਹੈ। ਉਧਰ, ਐਬਟਸਫੋਰਡ ਐਮ, ਐਸ. ਏ. ਹਸਪਤਾਲ ਕਈ ਤਰ੍ਹਾਂ ਨਾਲ ਖ਼ਸਤਾ ਹਾਲਤ ਵਿੱਚ ਹੈ।

ਇਸ ਹਸਪਤਾਲ ਨੂੰ ਫੌਰੀ ਰੈਨੋਵੇਸ਼ਨ ਦੀ ਲੋੜ ਹੈ। ਕਮਰਿਆਂ ਵਿੱਚ ਬਾਥਰੂਮ ਨਹੀਂ ਹਨ। ਕਈ ਦਰਵਾਜ਼ੇ ਤਾਂ ਏਨੇ ਤੰਗ ਹਨਕਿ ਉਹਨਾਂ ਵਿਚੋਂ ਦੀ ਵ੍ਹੀਲ ਚੇਅਰ ਲੰਘਾਈ ਨਹੀਂ ਜਾ ਸਕਦੀ ਅਤੇ ਸਟ੍ਰੈਚਰਾਂ ਆਦਿ ਵਾਸਤੇ ਸਟੋਰੇਜ਼ ਵੀ ਸੀਮਿਤ ਹੈ। ਲੇਬਰ ਅਤੇ ਡਿਲਿਵਰੀ ਰੂਮ ਵੀ ਅਪਗ੍ਰੇਡ ਕੀਤੇ ਜਾ ਰਹੇ ਹਨ। ਇਕ ਕਮਰਾ-ਇਕ ਔਰਤ, ਅਤੇ ਹਰ ਕਮਰੇ ਵਿੱਚ ਇਕ ਬਾਥਰੂਮ ਅਤੇ ਵੱਡਾ ਸੋਕਰ ਟੱਬ ਹੋਵੇਗਾ।

ਹੈਲਥ-ਬੋਰਡ ਚੇਅਰਮੈਨ, ਜਾਰਜ ਪੈਰੀ, ਨੇ ਕਿਹਾ ਕਿ ਇਹ ਪੱਕਾ ਨਹੀਂ ਕਿਹਾ ਜਾ ਸਕਦਾ ਕਿ ਐਮ.ਐਸ.ਏ. ਹਸਪਤਾਲ ਦੀ ਰੈਨੋਵੇਸ਼ਨ ਕਦੋਂ ਸੰਭਵ ਹੋ ਸਕੇਗੀ। ਹਾਂ ਰੀਜ਼ਨ ਬੋਰਡ ਬੀ.ਸੀ. ਸਰਕਾਰ ਤੋਂ ਜ਼ਰੂਰੀ ਫੰਡਾਂ ਦੀ ਮੰਗ ਕਰੇਗਾ ਇਹ ਦੀਆਂ 2000-1 ਕੈਪੀਟਲ ਪਲੈਨਾਂ 'ਚੋਂ।

ਮਨੋਰੰਜਨ ਬਜਟ

ਐਬਟਸਫੋਰਡ ਪਾਰਕਾਂ ਅਤੇ ਮਨੋਰੰਜਨ ਮਹਿਕਮੇ ਨੇ ਸਿਟੀ ਕੌਂਸਲ ਨੂੰ ਬੇਨਤੀ ਕੀਤੀ ਹੈ ਕਿ ਪਿਛਲੇ ਸਾਲ ਵਾਲੇ 9.8 ਮਿਲੀਅਨ ਡਾਲਰ ਵਾਲੇ ਬਜਟ ਨੂੰ ਵਧਾ ਕੇ ਸਾਲ 2000 ਵਿੱਚ 10.1 ਮਿਲੀਅਨ ਡਾਲਰ ਕਰ ਦੇਵੇ। ਹੁਣ ਇੱਕ ਪਾਸੇ ਕਰਮਚਾਰੀਆਂ ਦੇ ਵਧੇ ਵੇਤਨ ਅਤੇ ਪਾਰਕਾਂ ਦੀ ਦੇਖ-ਰੇਖ ਦੇ ਵਧੇ ਖਰਚੇ, ਅਤੇ ਦੂਜੇ ਪਾਸੇ ਸਰਕਾਰੀ ਟੈਕਸਾਂ 'ਚ ਕਮੀ ਮਨੋਰੰਜਨ ਸੰਸਥਾਵਾਂ ਨੂੰ ਆਮ ਜਨਤਾ ਵਾਸਤੇ ਹੋਰ ਮਹਿੰਗਾ ਕਰ ਦੇਵੇਗੀ। ਕੌਂਸਿਲਰ ਐਡੱ ਫਾਸਟ ਨੇ ਕਿਹਾ ਕਿ ਜਿਸ ਰਫਤਾਰ ਨਾਲ ਸ਼ਹਿਰ ਦਾ ਵਿਕਾਸ ਹੋ ਰਿਹਾ ਹੈ, ਉਸ ਤਰ੍ਹਾਂ ਇਥੇ ਪ੍ਰਾਈਵੇਟ ਅਤੇ ਪਬਲਿਕ ਮਨੋਰੰਜਨ ਅਦਾਰਿਆਂ ਦਾ ਵਿਕਾਸ ਹੋਣਾ ਵੀ ਜ਼ਰੂਰੀ ਹੈ। ਮਿਲ ਲੇਕ ਬੋਰਡਵਾਕ ਵੇਅ ਦੇ ਵਿਸਥਾਰ ਤੇ $110. 000 ਅਤੇ ਮੈਤਸਕਵੀ ਵਿਲਿਜ ਪੂਲ ਤੇ ਬਣਨ ਵਾਲੇ ਨਵੇਂ ਚੇਂਜ ਰੂਮਾਂ ਤੇ $80,000 ਖਰਚ ਕਰਨ ਦੇ ਪ੍ਰਾਜੈਕਟ ਮਨਜ਼ੂਰ ਹੋ ਚੁੱਕੇ ਹਨ। ਸ਼ਹਿਰ ਦੀਆਂ ਪਾਰਕਾਂ ਅਤੇ ਮਨੋਰੰਜਨ ਵਿਭਾਗ ਦੇ ਨਿਰਦੇਸ਼ਕ ਮਾਰਕ ਟੇਲਰ ਨੇ ਕੌਂਸਿਲ ਨੂੰ ਦੱਸਿਆ ਕਿ ਸ਼ਹਿਰ ਦੇ ਵਿਸਥਾਰ ਲਈ ਪਾਰਕਾਂ ਤੇ ਖਰਚ ਕਰਨਾ ਬਹੁਤ ਹੀ ਜ਼ਰੂਰੀ ਹੈ।

ਸ਼ਾਪਲਿਫਟਿੰਗ ਗੈਂਗ ਕਾਬੂ

ਬੀਤੇ ਫ਼ਰਿਚੱਰਵਾਰ ਐਬਟਸਫੋਰਡ ਪੁਲੀਸ ਨੇ ਇੱਕ ਅਜਿਹੇ ਗੈਂਗ ਨੂੰ ਕਾਬੂ ਕੀਤਾ ਜਿਸ ਦਾ ਧੰਦਾ ਹੀ ਦੁਕਾਨਾਂ ਤੋਂ ਸਾਮਾਨ ਚੁਰਾਉਣਾ ਹੈ। ਦੋ ਮਰਦ ਅਤੇ ਇੱਕ ਔਰਤ ਕਾਬੂ ਕੀਤੇ ਗਏ। ਉਹਨਾਂ ਤੇ ਭਿੰਨ-ਭਿੰਨ ਦੋਸ਼ ਲਗਾਏ ਗਏ। ਪੁਲੀਸ ਨੇ ਚੋਰੀ ਦੇ ਜੁੱਤੇ, ਸ਼ਰਾਬ, ਵੀਡੀਓਜ਼ ਅਤੇ ਵੀਡੀਓ ਖੇਲਾਂ ਉਸ ਵੈਨ 'ਚੋਂ ਬਰਾਮਦ ਕੀਤੀਆਂ ਜਿਸ ਵਿੱਚ ਉਹ ਸਫਰ ਕਰ ਰਹੇ ਸਨ। ਫੜੇ ਜਾਣ ਤੋਂ ਪਹਿਲਾਂ ਚੋਰਨੀ ਨੇ ਇੱਕ ਪੁਲੀਸ ਅਫਸਰ ਨੂੰ ਧਮਕੀ ਦਿੰਦਿਆਂ ਹੋਇਆਂ ਦੱਸਿਆ ਕਿ ਉਹਦੇ ਕੋਲ ਐੱਚ.ਆਈ.ਵੀ. ਇਨਫੈਕੱਟਿਡ ਨੀਡਲ ਹੈ। ਸ਼ਰਾਬ ਦੀਆਂ ਬੋਤਲਾਂ, ਜਿਨ੍ਹਾਂ ਵਿੱਚ ਰਮ, ਵਾਈਨ, ਸਕਾਚ ਅਤੇ ਛੈਮਪੇਨ ਆਦਿ ਸੀ - ਉਹ ਮਾਨਟ੍ਰੇਜ਼ ਐਵੀਨਿਊ ਸਥਿਤ ਸ਼ਰਾਬ ਦੇ ਸਟੋਰ 'ਚੋਂ ਚੋਰੀ ਕੀਤੀਆਂ ਗਈਆਂ ਸਨ, ਜਦਕਿ ਜੁੱਤੇ ਬਾਟਾ ਸ਼ੂਜ ਤੋਂ ਚੋਰੀ ਕੀਤੇ ਗਏ ਸਨ।

ਗੰਨ, ਪਾਈਪ ਬੰਮ

ਬੁੱਧਵਾਰ ਸਵੇਰੇ 10:51 ਵਜੇ ਐਮਰਲਡ ਸਟਰੀਟ ਦੇ 32300 ਬਲਾਕ ਦੇ ਇੱਕ ਮਕਾਨ ਤੇ ਪੁਲੀਸ ਨੇ ਛਾਪਾ ਮਾਰ ਕੇ ਇਕ ਅੱਧ-ਮੁਕੰਮਲ ਪਾਈਪ-ਬੰਮ ਅਤੇ ਇੱਕ .357 ਮੈਗਨਮ ਕਾਬੂ ਕੀਤੀ। ਪੁਲੀਸ ਛਾਪੇ 'ਚ ਮੁੱਖ ਤੌਰ ਤੇ 70 ਮੈਰੀਯਾਨਾ ਪੌਦੇ ਅਤੇ ਚੋਰੀ ਕੀਤਾ ਹੋਇਆ ਇਕ ਯਮਾਹਾ ਮੋਟਰ ਸਾਈਕਲ ਕਾਬੂ ਕੀਤਾ ਗਿਆ। ਇਸ ਸਿਲਸਿਲੇ ਵਿੱਚ 21 ਅਤੇ 26 ਸਾਲਾ ਦੋ ਮਰਦ ਅਤੇ ਇਕ 26 ਸਾਲਾ ਔਰਤ ਗ੍ਰਿਫਤਾਰ ਕੀਤੀ ਗਈ।

ਸ਼ਹਿਰ ਲਈ ਹਾਈ-ਟੈਕੱ ਦੀ ਮੰਗ

ਸੋਮਵਾਰ ਹੋਈ ਐਬਟਸਫੋਰਡ ਕੌਂਸਲ ਮੀਟਿੰਗ ਵਿੱਚ ਕੌਂਸਲਰ ਐਡੱ ਫਾਸਟ ਨੇ ਕਿਹਾ ਕਿ ਹਾਈ-ਟੈਕੱ ਸੈਕਟਰ ਦੇ ਵਿਕਾਸ ਦਾ ਫਾਇਦਾ ਲੈਣ ਦਾ ਸਮਾਂ ਆ ਗਿਆ ਹੈ। ਫਾਸਟ ਨੇ ਕਿਹਾ ਕਿ ਹਾਈ-ਟੈਕੱ ਫਰਮਾਂ ਅਕਸਰ ਨਵੀਆਂ ਹੀ ਹਨ। ਉਹਨਾਂ ਕੋਲਸਰਮਾਇਆ ਕਾਫੀ ਨਹੀਂ ਹੈ, ਪਰ ਉਹਨਾਂ ਕੋਲ ਵਿਕਾਸ ਦਾ ਭਰਪੂਰ ਸਮਰਥਾ ਹੈ। ਇਸ ਲਈ ਕੌਂਸਲ ਸਟਾਫ ਭਿੰਨ-ਭਿੰਨ ਜੋਨਾਂ ਬਣਾਉਣ ਤੇ ਵਿਚਾਰ ਕਰੇਗਾ ਤਾਂਕਿ ਸ਼ਹਿਰ ਵਿੱਚ ਹਾਈ-ਟੈਕੱ ਇੰਡਸਟਰੀਜ਼ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਐਬਟਸਫੋਰਡ ਗੁਰਦੁਆਰਾ ਸਾਲਾਨਾ ਚੋਣਾਂ 'ਚ

ਮੌਡਰੇਟ ਸਿੱਖਾਂ ਦੀ ਜਿੱਤ

ਕੁੱਝ ਦਿਨ ਪਹਿਲਾ ਸੰਪੰਨ ਹੋਈਆਂ ਇਤਿਹਾਸਕ ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਐਬਟਸਫੋਰਡ ਦੀਆਂ ਸਾਲਾਨਾ ਚੋਣਾਂ ਵਿੱਚ ਮਾਡਰੇਟ ਸਿੱਖ ਨਛੱਤਰ ਸਿੰਘ ਸੰਘਾਂ ਦੀ ਸਲੇਟ ਨੇ ਤੇਰਾਂ ਦੀਆਂ ਤੇਰਾਂ ਸੀਟਾਂ ਜਿੱਤ ਲਈਆਂ। ਹਰੇਕ ਸੀਟ ਲਗਭਗ ਇਕ ਹਜ਼ਾਰ ਵੋਟ ਦੇ ਫਰਕ ਨਾਲ। ਰਿਟਰਨਿੰਗ ਅਫਸਰ ਗੋਰਡੀ ਕਾਹਲੋਂ ਅਨੁਸਾਰ ਫੰਡਾਮੈਂਟਲਿਸਟ ਉਮੀਦਵਾਰਾਂ ਦੀਆਂ 19 ਤੋਂ 25 ਵੋਟਾਂ ਪ੍ਰਤੀ ਉਮੀਦਵਾਰ ਦੇ ਮੁਕਾਬਲੇ ਸੰਘਾ ਸਲੇਟ ਦੇ ਹਰੇਕ ਉਮੀਦਵਾਰ ਨੇ 1060 ਤੋਂ 1070 ਵੋਟਾਂ ਹਾਸਿਲ ਕੀਤੀਆਂ। ਪਿਛਲੀਆਂ ਚੋਣਾਂ (1998) ਵਿੱਚ ਵੋਟਰਾਂ ਦੀ ਕੁਲ ਗਿਣਤੀ 9000 ਸੀ ਪਰ ਇਸ ਵਾਰ ਕੇਵਲ 1,602 ਹੀ। ਕਿਉਂਕਿ ਇਸ ਵਾਰ ਕੇਵਲ ਉਹੀ ਸਿੱਖ ਵੋਟ ਪਾਉਣ ਦਾ ਹੱਕਦਾਰ ਸੀ ਜਿਸ ਨੇ $51 ਦੇ ਕੇ ਸੋਸਾਇਟੀ ਦੀ ਮੈਂਬਰਸ਼ਿਪ ਲੈ ਲਈ ਹੋਵੇ। ਭਾਵੇਂ ਇਸ ਵਾਰ ਵੋਟਰਾਂ ਦੀ ਗਿਣਤੀ ਕਾਫੀ ਘੱਟ ਸੀ ਪਰ ਫਿਰ ਭੀ ਅਮਨ-ਚੈਨ ਕਾਇਮ ਰੱਖਣ ਲਈ ਸਵੇਰ ਤੋਂ ਸ਼ਾਮ ਤੱਕ ਪੋਲਿੰਗ ਸਟੇਸ਼ਨ ਤੇ ਪੁਲੀਸ ਅਤੇ ਸਿਕਿਉਰਿਟੀ ਗਾਰਡ ਤਾਇਨਾਤ ਰੱਖੇ ਗਏ।

ਦੁਸਾਂਝ ਮੰਤ੍ਰੀ -ਮੰਡਲ ਸਿਆਸੀ ਕ੍ਰਿਸ਼ਮੇ ਦੀ ਤਾਕ ਵਿੱਚ

ਪ੍ਰੀਮੀਅਰ ਉਜੱਲ ਦੁਸਾਂਝ ਦਾ ਇਕ ਅਜਿਹਾ ਮੰਤ੍ਰੀ-ਮੰਡਲ ਹੈ ਜੋ ਸਹੀ ਅਰਥਾਂ ਵਿੱਚ ਬਹੁ-ਸਾਂਸਕ੍ਰਿਤਿਕ ਹੈ ਅਤੇ ਜਿਸ ਵਿੱਚ ਔਰਤਾਂ ਨੂੰ ਏਨੀ ਜ਼ਿਆਦਾ ਪ੍ਰਤੀ ਨਿੰਧਤਾ ਦਿੱਤੀ ਗਈ ਹੈ ਜਿੰਨੀ ਪਹਿਲਾਂ ਕਦੇ ਵੀ ਨਹੀਂ ਦਿੱਤੀ ਗਈ। ਇਸ ਤਰ੍ਹਾਂ ਉਸ ਨੇ ਇੱਕ ਅਜਿਹੀ ਟੀਮ ਚੁਣੀ ਹੈ ਜਿਸ ਤੋਂ ਉਸ ਨੂੰ ਬੜੇ ਵੱਡੇ ਸਿਆਸੀ ਚਮਤਕਾਰ ਦੀ ਆਸ ਹੈ। ਇਸ ਮੰਤ੍ਰੀ-ਮੰਡਲ ਵਿੱਚ ਕੁੱਲ 21 ਮੰਤ੍ਰੀ ਹਨ (ਸਮੇਤ ਦੁਸਾਂਝ) ਜਿਨ੍ਹਾਂ ਵਿੱਚ 9 ਔਰਤਾਂ ਹਨ, ਅਤੇ ਡਿਪਟੀ ਪ੍ਰੀਮੀਅਰ ਵੀ ਔਰਤ ਨੂੰ ਹੀ ਨਿਯੁਕਤ ਕੀਤਾ ਗਿਆ ਹੈ। ਲਗਦਾ ਹੈ ਕਿ ਮੰਤ੍ਰੀ-ਮੰਡਲ ਦੇ ਗਠਨ ਸਮੇਂ ਇਸ ਗੱਲ ਦਾ ਪੂਰਾ-ਪੂਰਾ ਧਿਆਨ ਰੱਖਿਆ ਗਿਆ ਹੈ ਕਿ ਪਾਰਟੀ ਅੰਦਰਲੇ ਦੁਸ਼ਮਣਾਂ ਤੋਂ ਸੁਚੇਤ ਰਿਹਾ ਜਾਵੇ ਅਤੇ ਸਮਰਥਕਾਂ ਨੂੰ ਸ਼ਾਬਾਸ਼ ਦਿੱਤੀ ਜਾਵੇ। ਮਿ: ਕਲਾਰਕ ਦੇ ਵੇਲੇ ਦੇ ਕਾਫੀ ਮੰਤ੍ਰੀਆਂ ਨੂੰ ਮੰਤ੍ਰੀ-ਮੰਡਲ ਚ ਰੱਖਿਆ ਗਿਆ ਹੈ। ਬੇਸ਼ਕ 13 ਮੰਤ੍ਰੀਆਂ ਦੇ ਮਹਿਕਮੇ ਬਦਲ ਦਿੱਤੇ ਗਏ ਹਨ। ਸ਼ਾਇਦ ਇਸੇ ਗਲ ਤੋਂ ਹੀ ਪ੍ਰਭਾਵਿਤ ਹੋ ਕੇ ਲਿਬਰਲ ਲੀਡਰ ਗੋਰਡਲ ਕੈਮਬੈਲ ਨੇ ਕਿਹਾ ਹੈ ਕਿ ਇਹ ਮੰਤ੍ਰੀ -ਮੰਡਲ ਤਾਂ ਨਵੇਂ ਸੂਟਾਂ ਵਿੱਚ ਉਹੀ ਪੁਰਾਣਾ ਟੋਲਾ ਹੈ।

ਫਾਸਟ-ਫੈਰੀ ਜਵਾਲ ਦਾ ਹੱਲ ਫੌਰੀ

ਡਿਪਟੀ ਪ੍ਰੈਮੀਅਰ, ਬੀ.ਸੀ. ਲੇਬਰ ਅਤੇ ਬੀ.ਸੀ. ਫੈਰੀਜ਼ ਮੰਤ੍ਰੀ ਮੈਕਫੇਲ ਨੇ ਫਾਸਟ-ਫੈਰੀ ਜਵਾਲ ਨੂੰ ਜਲਦੀ ਸਾਫ ਕਰਨ ਲਈ ਫੌਰੀ ਅਤੇ ਕਾਰ-ਆਮਦ ਐਕਸ਼ਨ ਦਾ ਵਾਅਦਾ ਕੀਤਾ ਹੈ। ਮੈਕਫੇਲ ਨੇ ਇਹ ਦੱਸਣੋਂ ਇਨਕਾਰ ਕਰਦਿਆਂ ਹੋਇਆਂ ਕਿ ਉਹ ਦਰਅਸਲ ਕੀ ਕਰਨ ਜਾਂ ਰਹੀ ਹੈ ਕਿਹਾ ਕਿ ਉਹ ਜਲਦੀ ਹੀ ਅਜਿਹਾ ਐਕਸ਼ਨ ਲਵੇਗੀ ਜੋ ਇਸ ਵਿਵਾਦ ਨੂੰ ਖਤਮ ਕਰਕੇ ਫਾਸਟ-ਫੈਰੀ ਤਜਰਬ ਦਾ ਵੀ ਖਾਤਮਾ ਕਰ ਦੇਵੇਗੀ। ਯਾਦ ਰਹੇ ਕਿ ਫਾਸਟ-ਫੈਰੀ ਵਿਵਾਦ ਨੇ ਐਨ. ਡੀ.ਪੀ. ਦੇ ਸਿਆਸੀ ਅਕਸ ਤੇ ਬੜਾ ਬੁਰਾ ਪ੍ਰਭਾਵ ਪਾਇਆ ਸੀ।

ਲੇਬਰ ਕਾਨੂੰਨ 'ਚ ਤਬਦੀਲੀਆਂ ਦਾ ਵਾਅਦਾ

ਬੀ.ਸੀ ਦੀ ਨਵੀਂ ਲੇਬਰ ਮੰਤ੍ਰੀ ਜੋਇ ਮੈਕਫੇਲ, ਜੋ ਕਿ ਟ੍ਰੇਡ ਯੂਨੀਅਨਿਸਟ ਵੀ ਹੈ, ਨੇ ਕਿਹਾ ਹੈ ਕਿ ਉਹ ਲੇਬਰ ਕਾਨੂੰਨ 'ਚ ਤਬਦੀਲੀਆਂ ਦੀਆਂ ਸੰਭਾਵਨਾਵਾਂ ਤੇ ਵਿਚਾਰ ਕਰ ਰਹੀ ਹੈ, ਪਰੰਤੂ ਬਿਜ਼ਨਿਸ ਲੀਡਰਾਂ ਨੇ ਕਾਨੂੰਨ 'ਚ ਹੋਣ ਵਾਲਿਆਂ ਸੋਧਾਂ ਤੇ ਡਰ ਦਾ ਪ੍ਰਗਟਾਵਾ ਕੀਤਾ ਹੈ। ਆਪਣੇ ਚੋਣ ਅੰਦੋਲਨ ਦੌਰਾਨ ਦੁਸਾਂਝ ਨੇ ਜਿਹੜੀਆਂ ਦੋ ਵਿਸ਼ੇਸ਼ ਤਬਦੀਲੀਆਂ ਦਾ ਵਾਅਦਾ ਕੀਤਾ ਸੀ, ਉਹੀ ਮੈਕਫੇਲ ਪੂਰਾ ਕਰਨਾ ਚਾਹੁੰਦੀ ਹੈ। ਉਹ ਹਨ : ਸਾਰੇ ਕਾਮਿਆਂ ਲਈ ਵਿਰਾਸਤੀ ਹੱਕਾਂ ਦਾ ਵਿਸਥਾਰ, ਅਤੇ ਕਿਸੇ ਵੀ ਪਹਿਲੇ ਕਾਂਟ੍ਰੈਕਟ ਦੇ ਪੂਰੇ ਹੋਣ ਤੋਂ ਪਹਿਲਾਂ ਯੂਨੀਅਨ ਦੀ ਕੋਈ ਵੀ ਡੀਸਟਰੀ ਫਿਕੇਸ਼ਨ ਵੋਟ ਨਹੀਂ ਹੋਵੇਗੀ।

Chamber President Says "Right Direction, Wrong Speed", re: Budget

"Cutting taxes for customers of business is a step in the right direction" says Douglas MacAdams, President, Abbotsford Chamber of Commerce in an initial reaction to the federal budget. "What we needed were dramatic tax cuts to address the approximate 10% drop in personal disposable incomes in British Columbia in the past decade."

MacAdams continued: "But the tax cuts which have been announced are not as significant as we think is needed to restore and assure secure incomes and a secure standard of living for the customers of our members. And we need speedier pay down of the accumulated debt to assure long term prosperity. The budget in many regards points in the right direction. But it goes at the wrong speed---too slow in tax reductions, too slow in debt repayment, and too fast in increased spending."

Abbotsford United Sports & Cultural Association

The above association is a non – profit organisation and is in the process of starting a Ladies Bhangra Team. All those who are interested should call and get themselves registered soon.

Parmjit Kaur Brar 852 8632

IN SEARCH OF A JOB OPPORTUNITY?

We are a very reputed , 76-year old American company, and we are urgently in need of the following staff for our Abbotsford office. Please note that you must have your own car/van, if you are applying for position #2 or #3.

1. **Telemarketers:** for setting up appointments for sales reps; earning potential being $200/- plus, per week.
2. **Sales & Delivery Reps:** for taking care of customers, showing them the products and doing the deliveries; earning potential being $400/- plus, per week
3. **Assistant Manager Trainees:** for helping oversee the sales force and filling in with deliveries; earning potential being $600/- plus, per week.

Call Mr. Walia at **(604)853-9171**
for an interview/appointment

MASTER LEE'S TAI KWON DO

Our martial arts program helps you and your children learn the skills of discipline, self defence respect, concentration and confidence, in an exciting atmosphere. Your child will love it, and you will love what it does for your child!

Excellent Family Activity. CALL TODAY!

TAE KWON ROBIC
852-8824
201-33386 South Fraser Way
Abbotsford

WOMEN'S SELF DEFENCE
826-1142
32729 - 7th Avenue
(Bethel Pentecostal Church Gym)
Mission

2 Month Course
Only $45.00 Per Month
1/2 Price Uniform

One Week Training FREE
Bring this coupon for one week of Tai Kwon Do Training. Hurry in, space is limited. Expires Apr. 16/2000. No cash value.

SIDHU CONSULTING SERVICES

1481, TRACEY STREET, ABBOTSFORD

TEL: 852-2288 852-1827 FAX: 852-1878

- Income Tax, Payroll and Accounting
- Assistance with all U.I. problems
- Labour Standard Issues
- ਇਨਕਮ ਟੈਕਸ, ਪੇਅਰੋਲ ਅਤੇ ਅਕਾਊਂਟਿੰਗ
- ਯੂ.ਆਈ ਦੀਆਂ ਮੁਸ਼ਕਲਾਂ ਦਾ ਹਲ
- ਲੇਬਰ ਸਟੈਂਡਰਡ ਦੇ ਮਸਲੇ

TO $AVE MONEY CALL

ANDY SIDHU
ਐਂਡੀ ਸਿੱਧੂ
852-2288 852-1827

GOOD NEWS FOR CROP GROWERS OF FRASER VALLEY
OBTAIN PESTICIDES APPLICATOR CERTIFICATE EASILY
THROUGH CLASSROOM TEACHING

CATEGORY OF CERTIFICATION
- Berries • Greenhouse Vegetables • Structural IPM • Field Crops

OBJECTIVES:
- Learning Safe & Effective Use of Pesticides
- Calibration & Care of Plant Protection Equipment
- Obtaining Legal Status for Using Pesticides

WE PROVIDE:
- Highly Qualified Staff
- Teaching in English & Punjabi
- Choice of Day or Evening Classes
- Study Material & Teaching Aids

COURSE BOOKING & INFORMATION
Andy Sidhu
Sidhu Consulting Services
1481 Tracey St., Abbotsford, B.C. • V2T 6G4
Ph: (604) 852-2288 Fax: (604) 852-1878

ਪੰਜਾਬੀ ਕਿਸਾਨਾਂ ਲਈ ਖੁਸ਼ਖਬਰੀ

ਫਸਲ ਸੁਰੱਖਿਆ ਲਈ ਦਵਾਈਆਂ ਦਾ ਤਕਨੀਕੀ ਕੋਰਸ
(Pesticide Applicator Certificate)
ਹੁਣ ਐਬਰਸਫੋਰਡ ਵਿਖੇ ਸ਼ੁਰੂ ਹੈ

ਇਹ ਕੋਰਸ ਪੰਜਾਬੀ ਅਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿੱਚ ਕਰਵਾਇਆ ਜਾਂਦਾ ਹੈ ਅਤੇ ਇਸ ਵਿੱਚ ਫਸਲਾਂ ਨੂੰ ਨੁਕਸਾਨ ਕਰਨ ਵਾਲੇ ਕੀੜੇ, ਬੀਮਾਰੀਆਂ ਅਤੇ ਨਦੀਨਾਂ ਦੀ ਰੋਕਥਾਮ ਲਈ ਤਕਨੀਕੀ ਜਾਣਕਾਰੀ ਦਿੱਤੀ ਜਾਂਦੀ ਹੈ।

ਕੋਰਸ ਦੇ ਮੰਤਵ:
* ਫਸਲਾਂ ਦੇ ਹਾਨੀਕਾਰਕ ਕੀੜੇ, ਬੀਮਾਰੀਆਂ ਅਤੇ ਨਦੀਨਾਂ ਤੋਂ ਛੁਟਕਾਰਾ ਪਾਉਣਾ
* ਦਵਾਈਆਂ ਦੀ ਠੀਕ ਚੋਣ ਅਤੇ ਸੁਰੱਖਿਅਤ ਵਰਤੋਂ ਬਾਰੇ ਜਾਣਕਾਰੀ ਲੈਣੀ
* ਦਵਾਈਆਂ ਤੋਂ ਹੋਣ ਵਾਲੇ ਮਾਰੂ ਹਾਦਸਿਆਂ ਤੋਂ ਬਚਾਓ
* ਦਵਾਈਆਂ ਦੀ ਵਰਤੋਂ ਸਬੰਧੀ ਕਾਨੂੰਨੀ ਅਤੇ ਅਮਲੀ ਕਾਬਲੀਅਤ ਹਾਸਲ ਕਰਨੀ

ਵਿਸ਼ੇਸ਼ ਸਹੂਲਤਾਂ:
* ਪੜ੍ਹਾਈ ਲਈ ਪੂਰੀ ਕੋਰਸ ਸਮਗਰੀ ਉਪਲਭਦ
* ਸ਼ਾਮ ਜਾਂ ਦਿਨ ਵੇਲੇ ਕਲਾਸਾਂ ਲਈ ਚੋਣ
* ਫਸਲ ਮਾਹਿਰਾਂ ਨਾਲ ਖੁਲ੍ਹਾ ਵਿਚਾਰ-ਵਟਾਂਦਰਾ

ਦਾਖਲੇ ਅਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਐਂਡੀ ਸਿੱਧੂ
1481 ਟਰੇਸੀ ਸਟ੍ਰੀਟ, ਐਬਟਸਫੋਰਡ, ਬੀ.ਸੀ.
*ਫੋਨ: (604) 852-2288 * ਫੈਕਸ: (604) 852-1878*

ABBY AUTO CENTRE

ਆਪਣੇ ਭਾਈਆਂ ਦੀ ਆਟੋ ਰਿਪੇਅਰ ਦੀ ਦੁਕਾਨ

2016 Paramont Ave, Abbotsford, B.C.

Phone (604) 852-0420



For All Your Automotive Needs
(General Repairs)
-- ਕਾਰ ਇੰਜਣ ਦੀ ਹਰ ਤਰ੍ਹਾਂ ਦੀ ਮੁਰੰਮਤ ਲਈ --

- Tune Up
- Brakes
- Suspension Work
- Engines & Transmissions
- Computer Diagnosis
- Oil Changes
- Exhaust

ੴ ਵਾਹਿਗੁਰੂ ਜੀ ਕੀ ਫਤਹਿ॥
ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
FIRST GOD CREATED LIGHT AND THEN BY HIS OMNIPOTENCE MADE ALL THE MORTALS.
FROM THE ONE LIGHT HAS WELLED UP THE ENTIRE UNIVERSE. THEN WHO IS GOOD AND WHO IS BAD?

KHALSA DIWAN SOCIETY, ABBOTSFORD

ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ

(Incorporated As a Society under the "Societies Act")

SIKH TEMPLE

33094 South Fraser Way, Abbotsford, B.C. V2A 2A9 • 859-5665 • 854-1165

ਮਾਰਚ 2000 ਦੇ ਪ੍ਰੋਗਰਾਮਾਂ ਦਾ ਵੇਰਵਾ

ਮਾਰਚ 12 ਭਾਈ ਤਰਸੇਮ ਸਿੰਘ ਬਾਸੀ ਪ੍ਰਵਾਰ ਦੀ ਸੁਖ ਸ਼ਾਂਤੀ, ਤੰਦਰੁਸਤੀ ਲਈ ਰਖਾਏ ਗਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ। 850-3978

ਮਾਰਚ 17, 18, 19 ਨਵੀਂ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵਲੋਂ ਸਮੂਹ ਸਾਧ ਸੰਗਤ ਦੀ ਚੜਦੀ ਕਲਾ ਦੀ ਜਾਚਨਾ ਕਰਦੇ ਹੋਏ ਅਖੰਡ ਪਾਠ ਦੀ ਸੇਵਾ ਕਰਵਾਈ ਜਾ ਰਹੀ ਹੈ।

ਮਾਰਚ 24, 25, 26 ਭਾਈ ਪਿਆਰਾ ਸਿੰਘ ਭੰਡਾਲ ਪ੍ਰਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਜਾ ਰਹੀ ਹੈ। 859-2197

ਅਪ੍ਰੈਲ 2 ਪਿੰਡ ਚਕਰ ਨਿਵਾਸੀਆਂ ਵਲੋਂ ਸਮੂਹ ਪਰਵਾਰਾਂ ਦੀ ਸੁਖ, ਸ਼ਾਂਤੀ ਤੰਦਰੁਸਤੀ ਅਤੇ ਚੜ੍ਹਦੀਆਂ ਕਲਾ ਲਈ ਰਖਾਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ। 853-1103, 852-3861





ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ, ਬੀ.ਸੀ ਦੀ ਸਾਲ 2000-2001 ਲਈ ਚੁਣੇ ਸੇਵਾਦਾਰਾਂ ਵਲੋਂ ਗੁਰੂ ਘਰ ਨਾਲ ਸੰਬੰਧਤ ਸਾਧ ਸੰਗਤ ਦਾ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ , ਜਿੰਨਾਂ ਮੌਸਮ ਖਰਾਬ ਹੋਣ ਦੇ ਬਾਵਜੂਦ ਚੋਣਾਂ ਵਿੱਚ ਪੂਰਾ ਸਹਿਯੋਗ ਦਿਤਾ। ਅੱਗੇ ਤੋਂ ਵੀ ਸੇਵਾਦਾਰ ਸਮੂਹ ਸਾਧ ਸੰਗਤ ਦੇ ਸਹਿਯੋਗ ਦੀ ਆਸ ਕਰਦੇ ਹਨ।

ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਸਵੇਰੇ 10:00 ਵਜੇ ਪਾਏ ਜਾਂਦੇ ਹਨ ਅਤੇ 12:00 ਵਜੇ ਤੱਕ ਰਾਗੀ ਕੀਰਤਨੀ ਜੱਥੇ ਸੰਗਤ ਨੂੰ ਨਿਹਾਲ ਕਰਦੇ ਹਨ।

ਵਲੋਂ: ਸਮੂਹ ਪ੍ਰਬੰਧਕ ਕਮੇਟੀ, ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ

(ਸਫਾ 13 ਦਾ ਬਾਕੀ ਹਿਸਾ)

ਨਵਾਂ ਸ਼ਹਿਰ ਦੀ ਇਤਿਹਾਸਕ ਜਿੱਤ

ਕੇਵਲ 11294 ਯਾਨੀ ਪਹਿਲਾਂ ਨਾਲੋਂ ਲਗਭਗ 13 ਹਜ਼ਾਰ ਘੱਟ ਜਿਹੜੀਆਂ ਕਿ ਅਕਾਲੀ ਦਲ ਦੀ ਝੋਲੀ ਪਈਆਂ। ਤੀਜੇ ਨੰਬਰ ਤੇ ਇਸ ਵਾਰ ਪ੍ਰਕਾਸ਼ ਸਿੰਘ ਕਾਂਗਰਸੀ ਚਰਨਜੀਤ ਚੰਨੀ ਨਾਲੋਂ ਤਿੰਨ ਹਜ਼ਾਰ ਘੱਟ ਵੋਟਾਂ ਲਿਜਾ ਸਕਿਆ ਜਿਸ ਕਾਰਨ ਜਤਿੰਦਰ ਸਿੰਘ ਨੂੰ ਤਿੰਨ ਹਜ਼ਾਰ ਦਾ ਸਿੱਧਾ ਫਾਇਦਾ ਹੋਇਆ। ਚੌਥੇ ਨੰਬਰ ਤੇ 1997 ਵਿੱਚ ਸੀ.ਪੀ. ਐਮ ਦਾ ਉਮੀਦਵਾਰ ਬਲਬੀਰ ਸਿੰਘ 4112 ਵੋਟਾਂ ਲੈ ਗਿਆ ਸੀ ਪਰ ਇਸ ਵਾਰ ਉਸ ਦੇ ਮੈਦਾਨ ਵਿੱਚ ਨਾਂ ਹੋਣ ਕਾਰਨ ਇਹ ਸਾਰੀਆਂ ਵੋਟਾਂ ਅਕਾਲੀ ਦਲ ਦਾ ਉਮੀਦਵਾਰ ਲਿਜਾਣ ਵਿੱਚ ਸਫਲ ਰਿਹਾ। ਇਸ ਪ੍ਰਕਾਰ 6 ਹਜ਼ਾਰ +13 ਹਜ਼ਾਰ +3 ਹਜ਼ਾਰ + 4 ਹਜ਼ਾਰ ਵੱਧ ਵੋਟਾਂ ਲੈ ਕੇ ਅਕਾਲੀ ਦਲ ਦਾ ਉਮੀਦਵਾਰ ਕਾਮਯਾਬ ਰਿਹਾ ਜਿਹੜਾ ਕਿ ਪੰਜਾਬ ਦੀ ਸਿਆਸਤ ਲਈ ਇੱਕ ਤਿੱਖਾ ਮੋੜ ਤਾਂ ਹੈ ਹੀ, ਇੱਕ ਸ਼ੁਭ ਸੰਦੇਸ਼ ਵੀ ਹੈ।

ਮੈਨੂੰ ਤਾਂ ਇਹ ਸਮਝ ਨਹੀਂ ਲੱਗੀ ਕਿ ਕਾਂਗਰਸ ਕਿਵੇਂ ਕਹਿ ਰਹੀ ਹੈ ਕਿ ਉਸ ਨੂੰ ਘੱਟ ਵੋਟਾਂ ਮਿਲਣਾ ਕਿਸੇ ਧਾਂਜਲੀ ਦਾ ਸਿੱਟਾ ਹੈ। ਮੈਨੂੰ ਪੂਰੀ ਤਰ੍ਹਾਂ ਯਾਦ ਹੈ ਕਿ 1997 ਵਿੱਚ ਕਾਂਗਰਸ ਉਮੀਦਵਾਰ ਅਮਰ ਕੌਰ (ਪਤਨੀ ਸ੍ਰ: ਦਿਲਬਾਗ ਸਿੰਘ) ਨੂੰ ਕੇਵਲ 1449 ਵੋਟਾਂ ਹੀ ਮਿਲੀਆਂ ਸਨ ਤੇ ਉਸ ਦੀ ਜਮਾਨਤ ਵੀ ਨਹੀਂ ਸੀ ਬਚੀ। 1997 ਵਿੱਚ ਕਾਂਗਰਸ ਮੁੱਖ ਮੰਤਰੀ ਸ਼੍ਰੀਮਤੀ ਰਜਿੰਦਰ ਕੌਰ ਭੱਠਲ ਦੀ ਸਰਕਾਰ ਸਮੇਂ ਕੇਵਲ 1449 ਵੋਟਾਂ ਪ੍ਰਾਪਤ ਕਰਨ ਵਾਲੀ ਕਾਂਗਰਸ ਸੰਨ 2000 ਵਿੱਚ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੋਣ ਸਮੇਂ 33 ਹਜ਼ਾਰ ਤੋਂ ਵੀ ਵੱਧ ਵੋਟਾਂ ਲਿਜਾਕੇ ਵੀ ਪਤਾ ਨਹੀਂ ਕਿਹੜੇ ਮੂੰਹ ਨਾਲ ਹੇਰਾ ਫੇਰੀ ਤੇ ਚੋਣ ਧਾਂਜਲੀ ਅਦਿ ਦੇ ਬੇਸਿਰ ਪੈਰ ਇਲਜਾਮ ਲਾ ਰਹੀ ਹੈ। ਅਕਾਲੀ ਦਲ ਦੀ ਇਸ ਇਤਿਹਾਸਕ ਜਿੱਤ ਨੇ ਜਿਥੇ ਬਾਦਲ ਸਰਕਾਰ ਦੇ ਪੰਜ ਸਾਲ ਪੂਰੇ ਕਰਨ ਵਿੱਚ ਸਹਾਈ ਹੋਣਾ ਹੈ ਤੇ ਅਗਲੀ ਸਰਕਾਰ ਬਣਾਉਣ ਲਈ ਰਾਹ ਪੱਧਰਾ ਕਰਨਾ ਹੈ ਉਥੇ ਕਾਂਗਰਸ ਦੇ ਭਵਿੱਖ ਦੀ ਸਰਕਾਰ ਤੇ ਕਾਬਜ ਹੋਣ ਤੇ ਤਕੜਾ ਸਵਾਲੀਆ ਚਿੰਨ ਲਾ ਦਿੱਤਾ ਹੈ। ਮੈਂ ਨਵਾਂਸ਼ਹਿਰ ਨੂੰ ਕਦੀ ਵੀ ਕਾਂਗਰਸ ਦਾ ਗੜ੍ਹ ਨਹੀਂ ਸਮਝਿਆ। ਜੇ ਹੋਰ ਕਿਸੇ ਦੇ ਖਿਆਲ ਵਿੱਚ ਇਹ ਕਾਂਗਰਸ ਦਾ ਗੜ੍ਹ ਹੈ ਤਾਂ ਇਸ ਵਿੱਚ ਹੁਣ ਤਕ 1962, 1977, 1980, 1997 ਤੇ ਹੁਣ 2000 ਵਿੱਚ ਪੰਜ ਇੰਨੇ ਵੱਡੇ ਮਘੋਰੇ ਹੋ ਚੁੱਕੇ ਹਨ ਕਿ ਇਨ੍ਹਾਂ ਦੇ ਹੁੰਦਿਆ ਇਸ ਨੂੰ ਗੜ੍ਹ ਨਹੀਂ ਕਿਹਾ ਜਾ ਸਕਦਾ ਤੇ ਨਾਂ ਹੀ ਕਦੀ ਨਵਾਂਸ਼ਹਿਰ ਨੂੰ ਕਾਂਗਰਸ ਦੀ ਪੱਕੀ ਸੀਟ ਸਮਝਣ ਦੀ ਭੁਲ ਕਰਨੀ ਚਾਹੀਦੀ ਹੈ।

ਦਿਲਬਾਗ ਸਿੰਘ ਦੀ ਮੌਤ ਤੋਂ ਬਾਅਦ ਜਿਥੇ ਇਕ ਪਾਸੇ ਉਸ ਦਾ ਪੁਤੱਰ ਚੰਨੀ ਅਜਾਦ ਉਮੀਦਵਾਰ ਵਜੋਂ ਖੜ੍ਹਾ ਸੀ ਉਥੇ ਦੂਸਰੇ ਪਾਸੇ ਉਸ ਦੀ ਪਤਨੀ ਅਮਰ ਕੌਰ ਕਾਂਗਰਸੀ ਉਮੀਦਵਾਰ ਸੀ। ਮਾਂ-ਪੁੱਤ ਦੇ ਆਮੋ-ਸਾਹਮਣੇ ਆ ਜਾਣ ਕਾਰਨ ਅਕਾਲੀ ਉਮੀਦਵਾਰ ਜਰਾ ਅਵੇਸਲ ਹੋ ਗਿਆ ਤੇ ਅਕਾਲੀ ਦਲ ਵੀ ਸਮਝਣ ਲੱਗ ਪਿਆ ਕਿ ਇਹ ਸੀਟ ਤਾਂ ਜਿੱਤੀ ਹੀ ਜਿੱਤੀ ਹੈ। ਜਿਸ ਦਾ ਨਤੀਜਾ ਚਰਨਜੀਤ ਚੰਨੀ ਦੀ ਤਿੰਨ ਹਜ਼ਾਰ ਵੱਧ ਵੋਟਾਂ ਲੈ ਕੇ ਜਿੱਤ ਵਿੱਚ ਨਿਕਲਿਆ। ਇਹ ਵਖੱਰੀ ਗੱਲ਼ ਹੈ ਕਿ ਚਰਨਜੀਤ ਚੰਨੀ ਵੀ 1980 ਵਾਂਗ ਆਪਣੇ ਪਿਤਾ ਦੇ ਪੱਦ ਚਿੰਨ੍ਹਾਂ ਤੇ ਚਲਦਿਆਂ ਬਾਅਦ ਵਿੱਚ ਕਾਂਗਰਸ ਵਿੱਚ ਸ਼ਾਮਿਲ ਹੋ ਗਿਆ ਤੇ ਕਾਂਗਰਸ ਨੇ ਵੀ ਉਸ ਨੂੰ ਜੀ ਆਇਆਂ ਆਖਿਆ।

ਕਾਂਗਰਸ ਸਦਾ ਹੀ ਲੋਕਾਂ ਨੂੰ ਜਾਤਾਂ ਬਰਾਦਰੀਆਂ ਦੇ ਨਾਮ ਤੇ ਲੜਾਉਂਦੀ ਰਹੀ ਹੈ ਤੇ ਇਹੀ ਹਥਿਆਰ ਉਸ ਨੇ ਲੋਕ ਸਭਾ ਚੋਣਾਂ ਵਿੱਚ ਹੁਸ਼ਿਆਰਪੁਰ ਵਿੱਚ ਵੀ ਵਰਤਿਆ। ਹੁਸ਼ਿਆਰਪੁਰ ਤੋਂ ਕਮਲ ਚੌਧਰੀ ਦੇ ਮੁਕਾਬਲੇ ਚੰਨੀ ਨੂੰ ਸੈਣੀ ਬਰਾਦਰੀ ਨਾਲ ਸੰਬੰਧਤ ਹੋਣ ਕਰਕੇ ਹੀ ਟਿਕਟ ਦੇ ਕੇ ਅਜਿਹੇ ਹਥਿਆਰ ਦਾ ਸਪਸ਼ੱਟ ਪ੍ਰਦਰਸ਼ਨ ਕੀਤਾ ਸੀ ਹਾਲਾਂ ਕਿ ਚੰਨੀ ਇਲਾਕੇ ਤੋਂ ਬਾਹਰਲਾ ਉਮੀਦਵਾਰ ਵੀ ਸੀ। ਜਿਹੜੀ ਕਾਂਗਰਸ ਨੇ ਚੰਨੀ ਨੂੰ 1997 ਵਿੱਚ ਐਮ. ਐਲ.ਏ. ਦੇ ਕਾਬਲ ਨਹੀਂ ਸਮਝਿਆ ਤੇ ਟਿਕਟ ਉਸ ਦੀ ਮਾਂ ਨੂੰ ਦੇ ਦਿੱਤੀ ਸੀ। 1999 ਵਿੱਚ ਹੁਸ਼ਿਆਰਪੁਰ ਤੋਂ ਲੋਕ ਸਭਾ ਦੀ ਟਿਕਟ ਦੇ ਕੇ ਨਵਾਂਸ਼ਹਿਰ ਤੇ ਹੁਸ਼ਿਆਰਪਜੁਰ ਦੇ ਲੋਕਾਂ ਨਾਲ ਸਰਾਸਰ ਧੋਖਾ ਕੀਤਾ ਸੀ ਜਿਸ ਦਾ ਸਹੀ ਜਵਾਬ ਅੱਜ ਨਵਾਂਸ਼ਹਿਰ ਦੇ ਵੋਟਰਾਂ ਨੇ ਕਾਂਗਰਸ ਨੂੰ ਦੇ ਦਿੱਤਾ ਹੈ। ਉਂਜ ਕਾਂਗਰਸ ਨੂੰ ਆਪਣੀ ਕਾਮਯਾਬੀ ਦੀ ਆਸ ਆਪਣੀ ਕਾਰਗੁਜਾਰੀ ਦੇ ਅਧਾਰ ਤੇ ਘੱਟ ਤੇ ਜਥੇਦਾਰ ਪੂਰਨ ਸਿੰਘ ਤੇ ਬੀਬੀ ਜਗੀਰ ਕੌਰ ਦੇ ਦਰਮਿਆਨ ਚਲ ਰਹੇ ਵਿਵਾਦ ਤੇ ਟੌਹੜਾ ਦਲ ਦੇ ਉਮੀਦਵਾਰ ਦੇ ਮੈਦਾਨ ਵਿੱਚ ਹੋਣ ਕਾਰਨ ਜ਼ਿਆਦਾ ਸੀ। ਕੇਵਲ ਸੱਤ ਪ੍ਰਤੀਸ਼ਤ ਵੋਟਾਂ ਲੈ ਕੇ ਬਿਨ੍ਹਾਂ ਕਿਸੇ ਨੈਤਿਕ ਅਧਾਰ ਤੇ ਪੰਜ ਸਾਲ ਜਬਰਦਸਤੀ ਪੰਜਾਬ ਸਰਕਾਰ ਤੇ ਕਬਜਾ ਕਰਨ ਵਾਲੀ ਕਾਂਗਰਸ ਤਿੰਨ ਮੁੱਖ ਮੰਤਰੀ ਬਦਲਕੇ ਵੀ ਮੁੜ ਸਰਕਾਰ ਤੇ ਕਾਬਜ ਹੋਣ ਦੇ ਦਿਨੇ ਸੁਪਨੇ ਦੇਖਣ ਲਗ ਪਈ ਸੀ। ਚੋਣ ਤਾਂ ਸੀ ਕੇਵਲ ਨਵਾਂਸ਼ਹਿਰ ਦੇ ਇਕ ਵਿਧਾਨ ਸਭਾ ਹਲਕੇ ਦੀ ਤੇ ਪਟਿਆਲੇ ਵਾਲੀ ਮਹਾਂਰਾਣੀ ਪ੍ਰਨੀਤ ਕੌਰ ਕਹਿੰਦੀ ਫਿਰਦੀ ਸੀ ਕਿ ਪਟਿਆਲੇ ਵਾਲਾ ਮਹਾਰਾਜਾ ਅਮਰਿੰਦਰ ਸਿੰਘ ਪ੍ਰਕਾਸ਼ ਸਿੰਘ ਬਾਦਲ ਨਾਲੋਂ ਵਧੀਆ ਮੁੱਖ ਮੰਤਰੀ ਸਿੰਧ ਹੋਵੇਗਾ। "ਕੁੱਦ ਕੁੱਦ ਮੱਛੀ ਬਗਲੇ ਨੂੰ ਖਾਏ"।

ਇਸ ਤੋਂ ਕਾਂਗਰਸ ਦੇ ਅਸਾਧਾਰਨ ਇਰਾਦਿਆਂ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਸ਼ਰਮ ਤੇ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਿਥੇ ਪਹਿਲਾਂ ਕਾਂਗਰਸ ਦੇ ਅਜਿਹੇ ਨਾਪਾਕ ਇਰਾਦਿਆਂ ਦੀ ਪੂਰਤੀ ਲਈ ਸੀ.ਪੀ.ਆਈ. ਤੇ ਸੀ.ਪੀ.ਐਮ ਸਿੱਧੇ ਤੌਰ ਤੇ ਸਹਾਈ ਹੁੰਦੀਆਂ ਆਈਆਂ ਹਨ ਉਥੇ ਹੁਣ ਟੌਹੜਾ-ਮਾਨ ਵੀ ਅਸਿੱਧੇ ਰੂਪ ਵਿੱਚ ਸਹਾਈ ਹੋਣ ਦੀਆਂ ਅਣਥੱਕ ਤੇ ਅਸਫਲ ਕੋਸ਼ਿਸ਼ਾਂ ਹੀ ਕਰ ਰਹੇ ਹਨ, ਬੱਸ "ਬੰਦਾ ਢੀਠ ਹੋਣਾ ਚਾਹੀਦਾ ਹੈ, ਬੇਸ਼ਰਮੀ ਆਉਣੀ ਜਾਣੀ ਹੈ"।

Evergro is pleased to welcome Gurnaib Gill as part of our team. Gurnaib brings a wealth of experience and knowledge to help growers optimize their crop production. Please drop by to visit and see our extensive selection of fertilizers, seeds, pruners, tools, sprayers, safety equipment, spreaders, crop protection products, pest controls, soil amendments, peat.

Evergro is a trademark of Evergro Products Inc.

Great Service - Excellent Selection - Top Quality - Competitive Prices

Everything for berry growers, nurseries, landscapers, greenhouses and farms.

ਸਚਿਤ੍ਰ ਦਸ ਗੁਰੂ ਦਰਸ਼ਨ

1. ਸ਼੍ਰੀ ਗੁਰੂ ਨਾਨਕ ਦੇਵ ਜੀ, ਪਾਤਸ਼ਾਹੀ ਪਹਿਲੀ

ਅਵਤਾਰ ਧਾਰਿਆ - 20 ਅਕਤੂਬਰ 1469 ਈਸਵੀਂ ਤਲਵੰਡੀ ਰਾਇ ਭੋਇ ਨਨਕਾਣਾ ਸਹਿਬ - (ਪਾਕਿਸਤਾਨ)
ਮਾਤਾ-ਪਿਤਾ - ਸ਼੍ਰੀ ਕਲਿਆਣ ਦਾਸ ਜੀ (ਮਹਿਤਾ ਕਾਲੂ ਰਾਏ) ਮਾਤਾ ਤ੍ਰਿਪਤਾ ਜੀ।
ਵਿਆਹ - ਮਾਤਾ ਸੁਲੱਖਣੀ ਜੀ (ਸਪੁੱਤਰੀ ਸ਼੍ਰੀ ਮੂਲ ਚੰਦ ਜੀ) ।
ਸੰਤਾਨ - ਬਾਬਾ ਸ਼੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ।
ਜੋਤੀ ਜੋਤਿ - 22 ਸਤੰਬਰ, 1539 ਈ: ਕਰਤਾਰਪੁਰ। ਕੁੱਲ ਉਮਰ 70 ਸਾਲ।

2. ਸ਼੍ਰੀ ਗੁਰੂ ਅੰਗਦ ਦੇਵ ਜੀ, ਪਾਤਸ਼ਾਹੀ ਦੂਜੀ

ਅਵਤਾਰ ਧਾਰਿਆ - 31 ਮਾਰਚ, 1504 ਈਸਵੀ, ਮੱਤੇ ਨਾਂਗੇ ਦੀ ਸਰਾਂ, ਜ਼ਿਲ੍ਹਾ ਫੀਰੋਜ਼ਪੁਰ।
ਮਾਤਾ-ਪਿਤਾ - ਸ਼੍ਰੀ ਫੇਰੂਮੱਲ ਜੀ, ਮਾਤਾ ਦਇਆ ਕੌਰ ਜੀ।
ਵਿਆਹ - ਮਾਤਾ ਖੀਵੀ ਜੀ, ਸਪੁੱਤਰੀ ਸ਼੍ਰੀ ਦੇਵੀ ਚੰਦ ਜੀ।
ਸੰਤਾਨ - ਬਾਬਾ ਦਾਤੂ ਜੀ, ਬਾਬਾ ਦਾਸੂ ਜੀ, ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ।
ਗੁਰਿਆਈ - 17 ਸਤੰਬਰ, 1539 ਈ:
ਜੋਤੀ ਜੋਤਿ - ਪਹਿਲੀ ਅਪ੍ਰੈਲ 1552 ਈ: ਕੁਲ ਉਮਰ 48 ਸਾਲ।

3. ਸ਼੍ਰੀ ਗੁਰੂ ਅਮਰਦਾਸ ਜੀ, ਪਾਤਸ਼ਾਹੀ ਤੀਜੀ

ਅਵਤਾਰ ਧਾਰਿਆ - 5 ਮਈ, 1479 ਈਸਵੀ, ਬਾਮਰਕੇ, ਜ਼ਿਲ੍ਹਾ ਅੰਮ੍ਰਿਤਸਰ।
ਮਾਤਾ-ਪਿਤਾ - ਸ਼੍ਰੀ ਤੇਜ ਭਾਨ ਜੀ ਭੱਲਾ, ਮਾਤਾ ਸੁਲੱਖਣੀ ਜੀ।
ਵਿਆਹ - ਮਾਤਾ ਰਾਮੋ ਜੀ, ਸਪੁਤੱਰੀ ਸ਼੍ਰੀ ਦੇਵੀ ਚੰਦ ਜੀ ਬਹਿਲ ।
ਸੰਤਾਨ - ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ, ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ।
ਗੁਰਿਆਈ - 29 ਮਾਰਚ, 1552 ਈ:
ਜੋਤੀ ਜੋਤਿ - 1 ਸਤਬੰਰ, 1574 ਈ: ਗੋਇੰਦਵਾਲ ਸਾਹਿਬ। ਕੁਲ ਉਮਰ 95 ਸਾਲ

4. ਸ਼੍ਰੀ ਗੁਰੂ ਰਾਮਦਾਸ ਜੀ, ਪਾਤਸ਼ਾਹੀ ਚੌਥੀ

ਅਵਤਾਰ ਧਾਰਿਆ - 24 ਸਤੰਬਰ, 1534 ਈ: ਚੂਨਾ ਮੰਡੀ ਲਾਹੌਰ (ਪਾਕਿਸਤਾਨ)
ਮਾਤਾ-ਪਿਤਾ - ਸ਼੍ਰੀ ਹਰਿਦਾਸ ਜੀ, ਮਾਤਾ ਦਇਆ ਜੀ।
ਵਿਆਹ - ਮਾਤਾ ਭਾਨੀ ਜੀ, ਸਪੁੱਤਰੀ ਸ਼੍ਰੀ ਗੁਰੂਅਮਰਦਾਸ ਜੀ।
ਸੰਤਾਨ - ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂ ਦੇਵ ਜੀ, ਸ਼੍ਰੀ ਗੁਰੂ ਅਰਜਨ ਦੇਵ ਜੀ।
ਗੁਰਿਆਈ - 30 ਅਗਸਤ, 1574 ਈਸਵੀਂ
ਜੋਤੀ ਜੋਤਿ - 2 ਸਤੰਬਰ, 1581 ਈ: ਗੋਇੰਦਵਾਲ ਸਾਹਿਬ, ਕੁਲ ਉਮਰ 47 ਸਾਲ ।

5. ਸ਼੍ਰੀ ਗੁਰੂ ਅਰਜਨ ਦੇਵ ਜੀ, ਪਾਤਸ਼ਾਹੀ ਪੰਜਵੀਂ

ਅਵਤਾਰ ਧਾਰਿਆ - 15 ਅਪ੍ਰੈਲ, 1563 ਈ: ਗੋਇੰਦਵਾਲ ਸਾਹਿਬ।
ਮਾਤਾ-ਪਿਤਾ - ਸ਼੍ਰੀ ਗੁਰੂ ਰਾਮਦਾਸ ਜੀ, ਮਾਤਾ ਭਾਨੀ ਜੀ।
ਵਿਆਹ - ਮਾਤਾ ਗੰਗਾ ਜੀ, ਸਪੁਤੱਰੀ ਸ਼੍ਰੀ ਕਿਸ਼ਨ ਚੰਦ ਜੀ।
ਸੰਤਾਨ - ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।
ਗੁਰਿਆਈ - 1 ਸਤੰਬਰ, 1581 ਈ:
ਜੋਤੀ ਜੋਤਿ - 30 ਮਈ, 1606 ਈ: ਲਾਹੌਰ (ਪਾਕਿਸਤਾਨ) ਕੁਲ ਉਮਰ 43 ਸਾਲ।

6. ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਪਾਤਸ਼ਾਹੀ ਛੇਵੀਂ

ਅਵਤਾਰ ਧਾਰਿਆ - 14 ਜੂਨ, 1595 ਈ: ਗੁਰੂ ਕੀ ਵਡਾਲੀ (ਅੰਮਿਤ੍ਰਸਰ)
ਮਾਤਾ -ਪਿਤਾ - ਸ਼੍ਰੀ ਗੁਰੂ ਅਰਜਨ ਦੇਵ ਜੀ, ਮਾਤਾ ਗੰਗਾ ਜੀ।
ਵਿਆਹ - ਮਾਤਾ ਦਮੋਦਰੀ ਜੀ, ਮਾਤਾ ਨਾਨਕੀ ਜੀ ਅਤੇ ਮਹਾਂਦੇਵੀ ਜੀ ।
ਸੰਤਾਨ - ਬਾਬਾ ਗੁਰਦਿੱਤਾ ਜੀ, ਬਾਬਾ ਅਣੀਰਾਇ ਜੀ, ਬਾਬਾ ਅਟੱਲ ਰਾਇ ਜੀ, ਸ਼੍ਰੀ ਗੁਰੂ ਤੇਗ ਬਹਾਦਰ ਜੀ, ਬਾਬਾ ਸੂਰਜ ਮਲ ਜੀ ਤੇ ਬੀਬੀ ਵੀਰੋ ਜੀ।
ਗੁਰਿਆਈ - ਪਹਿਲੀ ਜੂਨ, 1606 ਈ:
ਜੋਤੀ ਜੋਤਿ - 3 ਮਾਰਚ, 1644 ਈ: ਕੀਰਤਪੁਰ ਸਾਹਿਬ। ਕੁੱਲ ਉਮਰ 49 ਸਾਲ।

7. ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ, ਪਾਤਸ਼ਾਹੀ ਸਤੱਵੀਂ

ਅਵਤਾਰ ਧਾਰਿਆ - 16 ਜਨਵਰੀ, 1630 ਈ: ਕੀਰਤਪੁਰ ਸਾਹਿਬ
ਮਾਤਾ-ਪਿਤਾ - ਬਾਬਾ ਗੁਰਦਿੱਤਾ ਜੀ, ਮਾਤਾ ਨਿਹਾਲ ਕੌਰ ਜੀ।
ਵਿਆਹ - ਮਾਤਾ ਕ੍ਰਿਸ਼ਨ ਕੌਰ ਜੀ।
ਸੰਤਾਨ - ਬਾਬਾ ਰਾਮ ਰਾਇ ਜੀ, ਬੀਬੀ ਰੂਪ ਜੀ ਤੇ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ।
ਗੁਰਿਆਈ - 3 ਮਾਰਚ, 1644 ਈ:
ਜੋਤੀ ਜੋਤਿ - 6 ਅਕਤੂਬਰ, 1661 ਈ:, ਕੀਰਤਪੁਰ ਸਾਹਿਬ, ਜ਼ਿਲ੍ਹਾ ਰੋਪੜ। ਕੁੱਲ ਉਮਰ 32 ਸਾਲ।

8. ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਪਾਤਸ਼ਾਹੀ ਅੱਠਵੀਂ

ਅਵਤਾਰ ਧਾਰਿਆ - 7 ਜੁਲਾਈ 1656 ਈ: ਕੀਰਤਪੁਰ ਸਾਹਿਬ (ਰੋਪੜ)
ਮਾਤਾ-ਪਿਤਾ - ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ, ਮਾਤਾ ਕ੍ਰਿਸ਼ਨ ਜੀ
ਗੁਰਿਆਈ - 6 ਅਕਤੂਬਰ, 1661 ਈ:
ਜੋਤੀ-ਜੋਤਿ - 30 ਮਾਰਚ 1664 ਈ: ਭੋਗਲ, ਦਿੱਲੀ, ਕੁਲ ਉਮਰ 8 ਸਾਲ

9. ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਪਾਤਸ਼ਾਹੀ ਨੌਵੀਂ

ਅਵਤਾਰ ਧਾਰਿਆ - 1 ਅਪ੍ਰੈਲ, 1621 ਈ: ਸ਼੍ਰੀ ਅੰਮ੍ਰਿਤਸਰ।
ਮਾਤਾ-ਪਿਤਾ - ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਮਾਤਾ ਨਾਨਕੀ ਜੀ।
ਵਿਆਹ - ਮਾਤਾ ਗੁਜਰੀ ਜੀ, ਸਪੁੱਤਰੀ ਸ਼੍ਰੀ ਲਾਲ ਚੰਦ ਜੀ ਖਤੱਰੀ।
ਸੰਤਾਨ- ਸ਼੍ਰੀ ਗੋਬਿੰਦ ਰਾਇ ਜੀ।
ਗੁਰਿਆਈ - 11 ਅਗਸਤ, 1664 ਈ:
ਜੋਤੀ-ਜੋਤਿ - 11 ਨਵੰਬਰ, 1675 ਈ: ਸ਼੍ਰੀ ਸੀਸਗੰਜ ਦਿੱਲੀ। ਕੁਲ ਉਮਰ 54 ਸਾਲ।

10. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਪਾਤਸ਼ਾਹੀ ਦਸਵੀਂ

ਅਵਤਾਰ ਧਾਰਿਆ - 22 ਦਸਬੰਰ, 1666 ਈ: ਪਟਨਾ ਸਾਹਿਬ (ਬਿਹਾਰ)
ਮਾਤਾ-ਪਿਤਾ - ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਮਾਤਾ ਗੁਜਰੀ ਜੀ।
ਵਿਆਹ - ਮਾਤਾ ਅਜੀਤ ਕੌਰ, ਮਾਤਾ ਸੁੰਦਰ ਕੌਰ ਜੀ, ਅਤੇ ਸਿੱਖ ਜਗਤ ਮਾਤਾ ਸਾਹਿਬ ਕੌਰ ਜੀ
ਸੰਤਾਨ - ਸਾਹਿਬਜ਼ਾਦਾ, ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫਤਿਹ ਸਿੰਘ ਜੀ।
ਗੁਰਿਆਈ - 9 ਨਵੰਬਰ, 1675 ਈ:।
ਜੋਤੀ-ਜੋਤਿ - 7 ਅਕਤੂਬਰ, 1708 ਈ: ਹਜ਼ੂਰ ਸਾਹਿਬ, ਨੰਦੇੜ (ਮਹਾਰਾਸ਼ਟਰ) ਕੁਲ ਉਮਰ 42 ਸਾਲ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਦਸਾਂ ਪਾਤਸ਼ਾਹੀਆਂ ਦੀ ਜੋਤ)

ਪ੍ਰਕਾਸ਼: 16 ਅਗਸਤ, 1604 ਈ.ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ
ਗੁਰਿਆਈ - 4 ਅਕਤੂਬਰ, 1708 ਈ:

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਜਾ ਕੰਮ ਭਾਈ ਗੁਰਦਾਸ ਜੀ ਨੇ, ਅਤੇ ਸੰਪਾਦਨ ਦਾ ਕੰਮ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੰਨ ਕੀਤਾ। ਇਹਨਾਂ ਨੂੰ ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਖ਼ਸ਼ੀ ਗਈ।

ਨੋਟ :- ਇਹ ਜਾਣਕਾਰੀ ਮੈਂ "ਸਚਿਤ੍ਰ ਦਸ ਗੁਰੂ ਦਰਸ਼ਨ" ਦੇ ਵਿਚੋਂ ਦਿੱਤੀ ਹੈ। ਜਿਸ ਦੇ ਲੇਖਕ ਭਾਈ ਹਰਭਜਨ ਸਿੰਘ ਜੀ ਹਨ। ਅਗਰ ਕੋਈ ਸਵਾਲ ਹੋਵੇ ਤਾਂ ਫੋਨ ਕਰ ਸਕਦੇ ਹੋ।
ਗੁਰੂ ਦਾ ਦਾਸ
ਜਸਵੰਤ ਸਿੰਘ ਢਿਲੋਂ
ਫੋਨ ਨੰ: (604) 859-3759

ਇਹ ਲੇਖ ਅੰਗ੍ਰੇਜ਼ੀ ਵਿੱਚ 'ਪੰਜਾਬੀ ਪਤ੍ਰਿਕਾ' ਦੇ ਅਗਲੇ ਅੰਕ ਵਿੱਚ ਛਪੇਗਾ।

See next issue of "Punjabi Patrika" for the English version of this article.

ਲੋਕ ਵਿਰਸਾ ਕਲਚਰਲ ਐਸੋਸੀਏਸ਼ਨ

ਵੱਲੋਂ

ਸ਼ਹੀਦਾਂ ਦੀ ਯਾਦ ਨੂੰ ਸਮਰਪਿਤ

ਸੱਭਿਆਚਾਰਕ ਸਮਾਰੋਹ

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ਼ ਮੇਲੇ



ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ

(ਰਾਜਗੁਰੂ, ਭਗਤ ਸਿੰਘ, ਸੁਖਦੇਵ)

ਫਰੀ ਐਂਟਰੀ

ਪ੍ਰੋਗਰਾਮ ਦਾ ਸਥਾਨ
ਐਡੀਟੋਰੀਅਮ (ਸਿਟੀ ਹਾਲ)
32315 South Fraser Way
Abbotsford

Door Open
1:30pm
26 ਮਾਰਚ, 2000
ਦਿਨ ਐਤਵਾਰ

ਇਹ ਸਮਾਰੋਹ ਮਹਾਨ ਸ਼ਹੀਦਾਂ ਦੀ ਯਾਦ ਵਿਚ ਮਨਾਇਆ ਜਾ ਰਿਹਾ ਹੈ।
ਵੱਖ ਵੱਖ ਬੁਲਾਰੇ ਆਪਣੇ ਵਿਚਾਰਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨਗੇ।
ਇਸ ਸਮਾਰੋਹ ਵਿੱਚ ਸਿਰਲੱਖ ਸੂਰਮਿਆਂ ਦੀਆਂ ਵਾਰਾਂ,
ਅਤੇ ਲੋਕ ਗੀਤ ਪੇਸ਼ ਕੀਤੇ ਜਾਣਗੇ।

"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਲੀਆਂ ਨੇ
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਓਨਾ ਲੱਖ ਮੁਸੀਬਤਾਂ ਝੱਲੀਆਂ ਨੇ"

ਪ੍ਰਬੰਧਕ ਕਮੇਟੀ : ਧਰਮ ਸਿੰਘ ਭੱਟੀ, ਰਜਿੰਦਰ ਸਿੰਘ ਗਰੇਵਾਲ, ਪ੍ਰਿਤਪਾਲ ਸਿੰਘ ਧਾਲੀਵਾਲ, ਰਜਿੰਦਰ ਸਿੰਘ ਰਾਏਵਾਲ, ਜਰਨੈਲ ਸਿੰਘ ਗਰੇਵਾਲ, ਗਿਰਦਾਰੀਲਾਲ ਸ਼ਰਮਾ, ਗੁਰਜੇਟ ਸਿੰਘ ਬਰਾੜ, ਰਣਜੀਤ ਸ਼ਰਮਾ, ਜਗਤਾਰ ਸਿੰਘ, ਮਨੋਹਰਲਾਲ, ਸਰਬਜੀਤ ਸਿੰਘ ਧਾਲੀਵਾਲ, ਸਾਹਿਬ ਬਿੰਦ, ਚਮਪਾਲ ਸਿੰਘ ਬਿੰਦ, ਗੁਰਦੇਵ ਸਿੰਘ ਬੁਟਰ, ਬਲਵਿੰਦਰ ਸਿੰਘ ਤਤਲਾ, ਪੀਟਰ ਧਾਲੀਵਾਲ, ਗੁਰਚਰਨ ਸਿੰਘ ਗਿੱਲ, ਅਜੀਤ ਪਾਲ ਸਿੰਘ ਗਿੱਲ, ਕਿਰਨਪਾਲ ਗਰੇਵਾਲ, ਗੁਰਦੀਪ ਸਿੰਘ ਚੇਤਰਾ ਸ਼੍ਰੀਵਾਸਤਵ

ਸ਼ਾਂਤੀ ਸਰੂਪ

ਗੁਰਮੇਲ ਸਿੰਘ ਸਿੱਧੂ	ਜਗੀਰ ਸਿੰਘ ਗਿੱਲ	ਫੋਨ: 807-6684 ਪੇਜਰ: 601-7413	ਰੂਪ ਸਿੰਘ ਧਾਲੀਵਾਲ
ਫੋਨ: 556-7034	ਫੋਨ: 854-5630		ਫੋਨ: 855-1538

Dasmesh Punjabi School

Independent School Certified by the Ministry of Education

Primary Campus
33094 South Fraser Way
Abbotsford, B.C Phone: 852-8986.

Intermediate Campus
34371 - 4th Ave
Abbotsford, B.C., Phone: 855-1917

Kindergarten Registration 2000-01

We are thankful to all parents who have registered their children for Kindergarten for the next school year. We look forward to welcoming these students from the beginning of September. You have certainly made a wise choice as the school is committed to imparting quality education to your children in a **GURMAT** environment.

A Reminder: Kindergarten registration is to be completed by March 10, 2000. Since registration is on a first-come-first served basis, to avoid disappointment, you must register your child without further delay.
Registration forms are available from the School Secretary, Rajinder Dhaliwal. Phone: 852-8986

Registration for Grades 1 -10

Registration for Grades 1-10 will start on March 1, 2000 and will be completed by April 20, 2000. Registration is on a first-come-first-served basis. Children already studying in this school are given admission preference. However,every year, depending on available vacancies, we also admit students moving from other schools. Parents who are interested in transferring their children to this school are requested to fill in registration forms ASAP. The earlier you do this, the better your chances of getting your child enrolled in this school.

Dasmesh Punjabi School is fast gaining a reputation as a leader in the field of education as well as sports. Our students are making us proud with their solid achievements in various fields. The most recent are the basketball wins by the Falcons. Both the girls' and boys' teams are in the finals of the Zone Basketball Tournament. Congratulations to them and their competent basketball coaches! They have shown the players the true meaning of dedication and discipline.

We attempted adding one classroom every year to accommodate our growing student population. However, this year, we found the opportunity to add a block of seven classrooms and a new 100'X100' gymnasium all at once to the Intermediate Campus. This now gives us scope and space for more educational and sports activities; it will also allow us to shift Grade 4 next year from the Primary School Campus to the Intermediate School Campus.
Finally, do not forget to get your child's registration completed in time.

Mr Dalip Singh Gill, Principal
Mrs Sulochana Chand, Vice Principal

ਸਾਹਿਤਿਕ ਪੰਨਾ

ਉਲਟੀ ਗੰਗਾ

ਸੂਬੇਦਾਰ ਅਜਾਇਬ ਸਿੰਘ ਢਿਲੋਂ ਪਿੰਡ ਮਹਿਰੋਂ (ਮੋਗਾ)

ਭਾਗ 'ਅ'
ਦੇਖੀ ਸੀ ਮੈਂ ਐਸ਼ਾਂ ਬੀਬੀ ਫਿਰਦੀ ਗਧੇ ਚਰਾਉਂਦੀ।
ਨਿਰਮਲ ਕੌਰ ਜੀ ਮੈਲ ਲੌਹਣ ਨੂੰ ਸਾਲ ਸ਼ਿਮਾਹੀ ਨਹੌਂਦੀ।

ਮੇਲਾ ਸਿੰਘ ਦੇ ਨੇੜ ਨਾ ਢੁੱਕਦੇ, ਭੈਣ ਭਰਾ ਵੀ ਸੱਕੇ।
ਜਨਾ ਖਨਾ ਹੀ ਮਾਰਦਾ ਵੇਖਿਆ ਜੋਰਾ ਸਿੰਘ ਨੂੰ ਧੱਕੇ।

ਘਾਅ ਤੋੜ ਕੇ ਵੇਚ ਦੇ ਮੰਡੀ ਵੇਖੇ ਸੇਠ ਕਰੋੜੀ।
ਕਾਲਾ ਸਿੰਘ ਤੇ ਬਗਾ ਸਿੰਘ ਦੀ ਰਾਮ ਬਣਾਈ ਜੋੜੀ।

ਚਾਨਣ ਸਿੰਘ ਬਾਈ ਦਾ ਵੇਖਿਆ, ਮੈਂ ਮੱਸਿਆ ਦਾ ਨੇਰ੍ਹਾਂ।

ਭੋਲਾ ਸਿੰਘ ਜੀ ਚਤਰਾਈਆਂ ਦੇ ਚੱਕੀ ਫਿਰਨ ਭੜੋਲੇ।
ਗਜੱਨ ਸਿੰਘ ਜੀ ਕਦੇ ਸੁਣੇ ਨਾ ਘਰਵਿੱਚ ਉਚੀ ਬੋਲੇ।

ਗੋਰਾ ਸਿੰਘ ਜੀ ਜੰਮੇ ਸ਼ਰਤਾਂ ਪੁੱਠੇ ਤਵੇ ਨਾਲ ਲਾਕੇ।
ਖੜਕ ਸਿੰਘ ਜੀ ਕਦੇ ਨਾ ਖੜਕੇ, ਨਾਲ ਸਰੀਕਾਂ ਜਾਕੇ।

ਕਾਰਾ ਦਾਸ ਜੀ ਬੈਠੇ ਸੁੰਘ ਸੁੰਘ ਵੇਚਨ ਅਤਰ ਫਲੇਲਾਂ।
ਸੂਰਦਾਸ ਜੀ ਫੁੰਡਦੇ ਦੇਖੇ ਤੋਤੇ ਨਾਲ ਗਲੇਲਾਂ।

ਫਿਰਦੀ ਗੋਹੇ ਕੂੜੇ ਕਰਦੀ ਵੇਖੀ ਪਦਮਾ ਰਾਣੀ।
ਕੌਰ ਸਿੰਘ ਜੀ ਸਿੰਧ ਬੈਂਕ ਵਿੱਚ ਫਿਰਨ ਪਿਆਉਂਦੇ ਪਾਣੀ।

ਗੁਰ ਸੇਵਕ ਨੇ ਕਦੇ ਨਾ ਟੋਕਿਆ, ਮੱਥਾ ਗੁਰੂਦੁਆਰੇ।
ਰੁਲਦੂ ਰਾਮ ਜੀ ਫਿਰਦੇ ਦੇਖੇ ਬੋਤੇ ਵਾਂਗ ਸ਼ਿੰਗਾਰੇ।

ਚੌਲ ਪਸੋਰੀ ਖਾਂਦੀ ਵੇਖੀ ਸੀ ਮੈਂ ਬੀਬੀ ਰੱਜੀ।
ਸ਼ਰਮ ਦੀ ਪੁਤਲੀ ਸ਼ਰਮ ਕੌਰ ਨੇ ਕਦੇ ਨਾ ਬੂਥੀ ਕੱਜੀ।

ਦਾਤਾ ਰਾਮ ਜੀ ਮੰਗਦੇ ਭਿਖਿਆ ਬੈਠ ਚੁਰਸਤੇ ਅੰਦਰ।
ਦੌਲੇ ਸ਼ਾਹ ਸਾਂਈ ਨੇ ਮੁੰਨਿਆ, ਚੇਲਾ ਸ਼ਾਹ ਸਕੰਦਰ।

ਨਾਂ ਛੋਟ ਸਿੰਘ ਗੋਤ ਵੀ ਮੱਦਰੇ, ਪਰ ਕੰਮ ਕਰਗੇ ਵੱਡੇ।
ਨਿੱਕਾ ਸਿੰਘ ਜੀ ਖਿਚੀ ਫਿਰਦੇ ਵੀਹ ਵੀਹ ਮਨ ਦੇ ਗੱਡੇ।

ਪਹਾੜਾ ਸਿੰਘ ਜੀ ਤੁਰਦੇ ਵੇਖੇ ਖਾ ਖਾ ਕੇ ਡਿੱਕ ਡੋਲੇ।
ਸਚਦਾ ਨੰਦ ਜੀ ਪੈਰ ਪੈਰ ਤੇ ਸਿਟਦੇ ਥੂਨ ਦੇ ਗੋਲੇ।

ਰੂਲੀਆ ਰਾਮ ਨੇ ਸਰਦਾਰਾ ਸਿੰਘ, ਜਾ ਟੋਲਿਆ ਸਰਵੰਦੀ।
ਖ਼ੁਸ਼ਕੀ ਨਾਲ ਹੀ ਮਰ ਗਈ ਕਾਕੀ ਜੀਹਦੀ ਅੱਲ ਸੀ ਧੰਧੀ।

ਨਾਂ ਕਾਕਾ ਤੇ ਖੋਡਨ ਅੱਧੀ ਦਰਜਨ ਮੁੰਡੇ ਕੁੜੀਆਂ।
ਪਿੰਦੂ ਸਿੰਘ ਜੀ ਮਲ ਸਿੰਘ ਨੂੰ ਪੈਂਦੇ ਕਰ ਕਰ ਹੁੜ੍ਹੀਆਂ।

ਭਗਤ ਰਾਮ ਦੀ ਭਗਤੀ ਦੇ ਵਿੱਚ ਕਦੇ ਨਾ ਲਗੀ ਬਿਰਤੀ।
ਸਾਧੂ ਰਾਮ ਜੀ ਪੈਰ ਪੈਰਤੇ ਫਿਰਨ ਘੋਟ ਕੇ ਫੁਰਤੀ।

ਢੂਲਨ ਦੇਵੀ ਬੜੀ ਰਹਿਮ ਦਿਲ, ਮੱਥਰਾ ਦੇਵੇ ਨੇਕ ਸਲਾਹਾਂ।
ਮੁੰਹ ਮੀਚੇ ਅਣਕੁਆਂ ਰਾਣੀ, ਲੜੇ ਸੱਸ ਨਾਲ ਕੱਢ ਕੱਢ ਬਾਹਾਂ।

ਸਚਾਈ

ਪਰਮਜੀਤ ਮਾਨ

ਪਰਮਜੀਤ ਮਾਨ

ਸਚਾਈ ਦਾ ਨਾਂਮ ਹੀ ਧਰਮ ਲੋਕੋ,
ਜਿੰਦਗੀ ਸੱਚ ਤੇ ਚਲਾਉਣੀ ਬੜੀ ਔਖੀ,
ਕਹਿਣੀ, ਕਰਨੀ ਵਿੱਚ ਜੇਕਰ ਫਰਕ ਹੋਵੇ,
ਮੰਜ਼ਲ ਜਿੰਦਗੀ ਚ ਪਾਉਣੀ ਬੜੀ ਔਖੀ,
ਪਿੱਠ ਪਿਛੇ ਤਾਂ ਹਰ ਕੋਈ ਨਿੰਦ ਦਿੰਦਾ,
ਗੱਲ ਮੂੰਹ ਤੇ ਸਣਾਉਣੀ ਬੜੀ ਔਖੀ,
ਨਿਮਰਤਾ ਹੈ ਤਾਂ ਦਿਲ ਵਿੱਚ ਰੱਬ ਵਸਦਾ,
ਹਉਮੇ ਦਿਲ ਚੋਂ ਭਜਾਉਣੀ ਬੜੀ ਔਖੀ,
ਵਿੱਚ ਜਿੰਦਗੀ ਗਮ ਜਦੋਂ ਲਾ ਲੈਣ ਡੇਰੇ,
ਖੁਸ਼ੀ ਚਿਹਰੇ ਤੇ ਲਿਆਉਣੀ ਬੜੀ ਔਖੀ,
ਰੱਬ ਸੁੱਖੀ ਰੱਖੇ ਧੀਆਂ ਪੁਤੱਰਾਂ ਨੂੰ,
ਅਰਥੀ ਮਾਪਿਆਂ ਨੂੰ ਉਠਾਉਣੀ ਬੜੀ ਔਖੀ,
ਪੰਜ਼ ਨਿਤੱਰੇ ਸਨ ਹਜ਼ਾਰਾ ਲੱਖਾਂ ਵਿੱਚੋਂ,
ਜਾਨ ਤਲੀ ਤੇ ਟਿਕਾਉਣੀ ਬੜੀ ਔਖੀ,
ਮਾਨਾ ਸੀਸ ਝੁਕਾਈਏ ਉਨ੍ਹਾਂ ਸ਼ਹੀਦਾਂ ਨੂੰ,
ਬਿਨ੍ਹਾਂ ਸ਼ਹੀਦੀਆਂ, ਸੁੱਤੀ ਕੌਮ ਜਗਾਉਣੀ ਬੜੀ ਔਖੀ।

"ਹਾਸਿਆਂ ਦੀ ਪਟਾਰੀ"

ਸਰਬਜੀਤ ਬਰਾੜ

1. ਇੱਕ ਅਮਰੀਕਨ, ਇੱਕ ਜਪਾਨੀ, ਇੱਕ ਭਾਰਤੀ ਆਪਸ ਵਿੱਚ ਗੱਲਾਂ ਕਰ ਰਹੇ ਸਨ। ਅਮਰੀਕਨ ਨੇ ਕਿਹਾ "ਸਾਡੇ ਦੇਸ਼ ਵਿੱਚ ਆਦਮੀ ਮਿਹਨਤ ਕਰਕੇ ਦੋ ਲੱਖ ਰੁਪਏ ਸਾਲ ਵਿੱਚ ਕਮਾ ਲੈਂਦਾ ਹੈ"। ਤਾਂ ਜਪਾਨੀ ਨੇ ਕਿਹਾ "ਸਾਡੇ ਦੇਸ਼ ਵਿੱਚ ਆਦਮੀ ਸਾਲ ਵਿੱਚ ਮਿਹਨਤ ਕਰਕੇ ਤਿੰਨ ਲੱਖ ਰੁਪਏ ਕਮਾ ਲੈਂਦਾ ਹੈ"। ਤਾਂ ਭਾਰਤੀ ਨੇ ਕਿਹਾ "ਸਾਡੇ ਦੇਸ਼ ਵਿੱਚ ਬਿਨ੍ਹਾਂ ਮਿਹਨਤ ਕੀਤਿਆਂ ਹੀ ਕਰੋੜਾਂ ਕਮਾ ਲੈਂਦਾ ਹੈ।" ਦੋਵਾਂ ਨੇ ਜਾਣਨਾ ਚਹਿਆਂ ਕਿ ਉਹ ਕਿਵੇਂ ? ਭਾਰਤੀ ਨੇ ਕਿਹਾ "ਨੇਤਾ ਬਣ ਕੇ"।

2. ਪਤੀ ਪਤਨੀ ਵਿੱਚ ਝਗੜਾ ਹੋ ਗਿਆ, ਅੰਤ ਦੋਨਾਂ ਵਿੱਚ ਗਲਬਾਤ ਬੰਦ ਹੋ ਗਈ। ਅਗਲੇ ਦਿਨ ਪਤੀ ਨੇ ਸਵੇਰੇ ਜਲਦੀ ਕਿਤੇ ਜਾਣਾ ਸੀ, ਅੰਤ ਉਸਨੇ ਪਰਚੀ ਉਪਰ ਲਿਖ ਦਿੱਤਾ "ਮੈਨੂੰ ਸਵੇਰੇ ਚਾਰ ਵਜੇ ਉਠਾ ਦੇਣਾ, ਤੇਰਾ "ਪਤੀ", ਅਤੇ ਪਰਚੀ ਪਲੰਘ ਉਪਰ ਰੱਖ ਦਿੱਤੀ। ਅਗਲੇ ਦਿਨ ਪਤੀ ਦੀ ਅੱਖ ਪੰਜ ਵਜੇ ਖੁੱਲੀ ਉਹ ਘਬਰਾ ਕੇ ਉਠਿਆ, ਪਲੰਘ ਉਪਰ ਪਰਚੀ ਪਈ ਸੀ "ਚਾਰ ਵੱਜ ਗਏ ਹਨ ਜਲਦੀ ਉਠੋ "ਤੇਰੀ ਪਤਨੀ"।

3. ਇੱਕ ਮਹਿਲਾ ਦੇ ਚਾਰ ਬੱਚੇ ਸਨ। ਜਦੋਂ ਵੀ ਕੋਈ ਬੱਚਾ ਰੋਣ ਲੱਗਦਾ ਤਾਂ ਮਹਿਲਾ ਆਖਦੀ "ਦੇਖੋ ਬੇਟਾ ਗਲਤੀ ਕਰਕੇ ਰੋਂਦੇ ਨਹੀ"। ਇੱਕ ਦਿਨ ਬੱਚਿਆ ਦੀ ਸ਼ਰਾਰਤ ਤੋਂ ਤੰਗ ਆ ਖੁੱਦ ਰੋਣ ਲੱਗ ਪਈ ਤਾਂ ਉਸਦੀ ਵੱਡੀ ਲੜਕੀ ਨੇ ਕਿਹਾ "ਦੇਖੋ ਮੰਮੀ ਗਲਤੀ ਕਰਕੇ ਰੋਂਦੇ ਨਹੀ"।

4. ਮੋਹਨ "ਇਸਤਰੀ ਅਤੇ ਪੁਰਸ਼ ਦੇ ਹੰਝੂਆਂ ਵਿੱਚ ਕੀ ਫਰਕ ਹੁੰਦਾ ਹੈ"। ਰਵੀ "ਟਾਈਮ ਦਾ ਫਰਕ ਹੁੰਦਾ ਹੈ"। ਇਸਤਰੀ ਦੇ ਹੰਝੂ ਸ਼ਾਪਿੰਗ ਤੋਂ ਪਹਿਲਾਂ ਫਰਮਾਇਸ਼ ਦੇ ਸਮੇਂ ਆਉਂਦੇ ਹਨ। ਪੁਰਸ਼ ਦੇ ਸਾਪਿੰਗ ਤੋਂ ਬਾਅਦ ਬਿੱਲ ਦੀ ਪੇਮੈਂਟ ਦੇਣ ਸਮੇਂ।

5. ਇੱਕ ਦੁਕਾਨਦਾਰ ਨੇ ਗਾਹਕ ਨੂੰ ਟੈਲੀ ਸਕੋਪ ਦਿਖਾਉਦੇ ਹੋਏ ਦੱਸਿਆ "ਸਰ ਇਸ ਨਾਲ ਤੁਸੀਂ ਦਿਨ ਵਿੱਚ ਤਾਰੇ ਵੇਖ ਸਕਦੇ ਹੋ" ਮੈਨੂੰ ਇਸਦੀ ਕੋਈ ਜ਼ਰੂਰਤ ਨਹੀਂ ਕਿਉਂ ਕਿ ਮੇਰੀ ਸ਼ਾਦੀ ਹੋ ਚੁੱਕੀ ਹੈ। ਗਾਹਕ ਨੇ ਜਵਾਬ ਦਿੱਤਾ।

6. ਚੁੰਨੇ ਨੇ ਮੁੰਨੀ ਨੂੰ ਕਿਹਾ "ਮੇਰੇ ਪਿਤਾ ਜੀ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।" ਮੁੰਨੀ ਨੇ ਕਿਹਾ "ਕੀ ਉਹ ਬੜੇ ਬਹਾਦਰ ਹਨ"। ਚੁੰਨੀ "ਨਹੀਂ ਉਹ ਗੰਜੇ ਹਨ"।

Letters to the Editor
-ਸੰਪਾਦਕੀ ਡਾਕ-

Is STIBC Going to Respond?

The Society of Translators and Interpreters of British Columbia (STIBC) is one of the twelve provincial and territorial associations that make up the Canadian Translators and Interpreters Council (CTIC), which, in turn, is a member of International Federation of Translators (IFT, but popular as FIT).

Those who wish to join STIBC have to sit for an admission exam that assesses their potential as translators or interpreters. On passing the exam, they become only associate members who have to sign an agreement to abide by a code of STIBC's ethics.

But look at the plight of these associates! They pass the membership exam, but instead of becoming the STIBC members, they end up as only associate members, ineligible to undertake any translation certification jobs. You may be aware that these people are generally new and mostly jobless immigrants, frantically looking for means to augment their family income. But it seems that STIBC has no heart! On the one hand, its admission exam, according to it, assesses the examinees' potential as translators or interpreters; while on the other hand, it does not recognize them as translators or interpreters. Rather, it requires them to sit for CTIC test in their language of proficiency in order for them to become certified translators or interpreters.

We know for sure that the CTIC exam is by no means of a higher level than the STIBC admission exam. We are, therefore, of the opinion that the moment a person passes the STIBC membership admission exam, he/she ought to be admitted as a member, and accepted and designated as a certified translator or interpreter. The word "associate" is rather derogatory to this class of specialists; and, therefore, it ought to be struck down. Anyway, we strongly suggest that the present "associate" members be declared as certified translators or interpreters so that they may be professionally useful to the BC community.

Will STIBC ever come forward to justify/explain why its so-called associate members should not be eligible to undertake translation certification jobs and help end unemployment and lift up, at least to some extent, the already sagging BC economy; especially, in the face of the fact that BC College of Teachers, the most prestigious educational accreditation body in BC, has already started accepting translation certifications done by the associate members?

We think STIBC must make amends for its inhumane attitude towards its new members by making suitable amendments to is rules and regulations, thus moving in the right direction ensuring that it is genuinely concerned about its goal of promoting the interest and professional development of translators and interpreters of BC.

Well, now, why not touch on yet another "important" style of STIBC's functioning that has left an excruciating impact and an indelible impression on the psyche of the new associate members?

We know STIBC and CTIC hold their respective exams on different dates and only once each year. We also understand that both these bodies need to work in conjunction with each other so that the new STIBC associate members may not be deprived of the opportunity of sitting for the CTIC exam the year they pass the STIBC admission exam. But we shudder to reflect on STIBC's performance last year. Its admission exam was administered on September 25, 1999 to a large number of candidates at Langara College, Vancouver. The question paper carried only one question on it – a one-page passage for translation from the source language to the target language. Most candidates, we are told, finished the paper within just half an hour.

But look at STIBC's "efficiency"! The results were declared on December 2, 1999 – after a full 68 days! Most of the candidates received their result letters around the 10th December 1999. The CTIBC deadline for receiving the exam forms from the associate members had already expired on November 20, 1999. This is how they missed their chance of sitting for the CTIC February 2000 exam. Now, that poor lot will be able to sit for the CTIC exam in 2001 only.

What a criminal waste of the people's time, money and effort! But, look at STIBC! How prompt and on time it certainly was to remind its new associate members to rush their membership renewal cheques!

STIBC's response outlining some immediate and viable measures it proposes to take to redress the grievances of its associate members vis-à-vis its malfunctioning as referred to above will be appreciated.

From : Two readers of Punjabi Patrika, Abbotsford
P.S. Copy of this letter has been forwarded to STIBC as *well as some other newspapers.*

Dear Editor the Patrika,

I attended the NDP Leadership convention a few weeks ago, and I have never been prouder of our party than the moment the ballot results were read out declaring Ujjal Dosanjh the leader and the Premier-designate of BC.

Ujjal's victory sends a clear signal of the inclusiveness of the NDP and how the strength of our social movement is in its' diversity. It is easy to forget that the provincial government does not always reflect the values of the NDP because, governments have to make tough decisions. However seeing the party come together and put our collective faith in Ujjal's hands reaffirmed my belief in the NDP's commitment to social justice.

The Indo-Canadian community has deep roots in the NDP as both groups have had to continually struggle against the odds to make a difference. The struggle for social justice never ends and even the most committed activist can become weary from what sometimes seems to be a hopeless cause. Ujjal Dosanjh struggles and victories help to reinsure us all with a sense of a higher purpose in the social justice movement and a reminder of how far we have already come.

In his speech at the convention, Ujjal referred to how he was inspired by the words of his grandfather. Ujjal's grandfather told him that serving the public through political office is the noblest of pursuits. I feel Ujjal will help to renew a sense of nobility to political office, and restore the recent battered image that has plagued politicians of all strips.

Ujjal also talked about his humble beginnings in a small rural village in India and how fortunate he has been, to share in the bounty of BC. Ujjal's attainment of the highest office in the province is a great triumph for Indo-Canadians in Canada. However, Ujjal's victory would not have been possible if it wasn't for political pioneers such as Narajan Grewal who broke new ground for him and other Indo-Canadians in BC.

Grewal, a landed immigrant from East Punjab moved, to Mission in 1941 and became "the first Indian ever elected to political office in BC and possibly North America" in 1950 (Ken Herar). In 1955, Grewal expanded his political horizon by running for the CCF party in the Dewdney riding. Grewal narrowly lost the provincial election to Socred incumbent Lyle Wicks.

Both Ujjal and Narajan have come from humble beginnings and have had to surmount incredible barriers to be successful in their political pursuit. The key to their success is simple, integrity, compassion for social justice and a strong sense of humility.

I am very confident in Ujjal's ability to guide and lead the party and with his capable hands at the tiller of our social movement we will chart a brave new course into our future challenges and struggles together.

-Shawn Jodway

ਦੇਗ ਤੇਗ ਫਤਹਿ

ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ, ਐਬਟਸਫੋਰਡ (ਬੀ. ਸੀ.)

2548, ਸੈਰਿਲ ਸਟਰੀਟ, ਡਾਊਨ ਟਾਊਨ, ਐਬਟਸਫੋਰਡ

ਪੰਥ ਕੀ ਜੀਤ

ਵਿਖੇ 30 ਜਨਵਰੀ, 2000, ਦਿਨ ਐਤਵਾਰ ਨੂੰ

ਮਹਾਨ ਅੰਮ੍ਰਿਤ ਸੰਚਾਰ

ਮਨੁੱਖ ਦਾ ਧਰਮ

ਪ੍ਰੋਫੈਸਰ ਗੁਰਵਿੰਦਰ ਸਿੰਘ ਧਾਲੀਵਾਲ

ਇਨਸਾਨ ਦਾ ਧਰਮ ਇਨਸਾਨੀਅਤ ਹੈ। ਇਨਸਾਨੀਅਤ ਦਾ ਅਰਥ ਹੈ:- ਦਇਆ, ਪਰਉਪਕਾਰ, ਨੇਕੀ, ਸੱਚਾਈ ਅਤੇ ਸੁੱਚੇ ਆਚਰਨ ਵਰਗੇ ਸ਼ੁਭ ਕਰਮਾਂ ਦਾ ਧਾਰਨੀ ਹੋਣਾ। ਇਨਸਾਨ ਅਖਵਾਉਣ ਦਾ ਹੱਕਦਾਰ ਉਹੀ ਵਿਅਕਤੀ ਹੈ, ਜਿਸ ਅੰਦਰ ਇਨਸਾਨੀਅਤ ਦੇ ਇਹ ਲੱਛਣ ਮੌਜੂਦ ਹੋਣ। ਅਜਿਹਾ ਮਨੁੱਖ ਕੋਮਲ ਹਿਰਦੇ ਅਤੇ ਹਮਦਰਦੀ ਦਾ ਮੁਜੱਸਮਾ ਹੁੰਦਾ ਹੈ, ਜਿਸਦਾ ਜੀਵਨ ਸਦਾ ਹੋਰਨਾਂ ਦੀ ਸੇਵਾ ਨੂੰ ਸਮਰਪਿਤ ਹੁੰਦਾ ਹੈ। ਇਨਸਾਨੀਅਤ ਦਾ ਜਜ਼ਬਾ ਰੱਖਣ ਵਾਲੇ ਵਿਅਕਤੀ ਹਉਮੈ, ਅੰਹਕਾਰ, ਲਾਲਚ ਅਤੇ ਸੁਆਰਥ ਦੀ ਥਾਂ ਨਿਮਰਤਾ, ਮਿਠਾਸ, ਖਿਮਾ ਅਤੇ ਉਪਕਾਰ ਨੂੰ ਆਪਣੇ ਆਚਾਰ, ਵਿਹਾਰ ਅਤੇ ਕਿਰਦਾਰ ਦਾ ਅੰਗ ਬਣਾਉਂਦੇ ਹਨ। ਅਜਿਹੇ ਮਹਾਨ ਗੁਣਾਂ ਦੀ ਮੰਗ ਕਰਦੇ ਹੋਏ ਹੀ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਨ : "ਦੇਹਿ ਸ਼ਿਵਾ ਵਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ॥"

ਇਨਸਾਨੀਅਤ ਦਾ ਪਹਿਲਾਂ ਸਬਕ ਹੀ ਇਹ ਹੈ ਕਿ ਦੂਸਰਿਆਂ ਦੇ ਰਾਹ ਵਿੱਚ ਪੈਦਾ ਹੋਈਆਂ ਔਕੜਾਂ ਨੂੰ ਨੇਕਦਿਲੀ ਨਾਲ ਖਤਮ ਕਰਨ ਦਾ ਸ਼ੁਭ ਕਰਮ ਕਰਨਾ। ਇਹੀ ਮਨੁੱਖ ਦਾ ਮੂਲ ਧਰਮ ਹੈ। ਇਕ ਵਾਰ ਕੁੱਝ ਵਿਦਿਆਰਥੀ ਆਸ਼ਰਮ ਵਿਚੋਂ ਵਿੱਦਿਆ ਪ੍ਰਾਪਤ ਕਰਕੇ ਵਾਪਿਸ ਆ ਰਹੇ ਸਨ। ਰਾਹ ਵਿੱਚ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਗੁਰੂ ਜੀ ਨੇ ਹੋਰ ਤਾਂ ਸਾਰਾ ਕੁੱਝ ਪੜ੍ਹਾ ਦਿੱਤਾ ਹੈ, ਪਰ ਇਹ ਨਹੀਂ ਦੱਸਿਆ ਕਿ ਧਰਮ ਕੀ ਹੈ? ਏਨੇ ਨੂੰ ਗੱਲਾਂ ਕਰਦਿਆਂ ਅੱਗੇ ਪਹੁੰਚੇ, ਤਾਂ ਦੇਖਿਆ ਕਿ ਰਾਹ ਵਿੱਚ ਬਹੁਤ ਸਾਰੇ ਕੰਡੇ ਖਿਲਰੇ ਪਏ ਹਨ। ਵਿਦਿਆਰਥੀ ਸੁਚੇਤ ਹੋਕੇ ਇਸ ਪਾਸੇ ਦੀ ਚੱਲ ਪਏ ਤੇ ਕੰਡਿਆਂ ਤੋਂ ਬਚਾ ਕਰ ਲਿਆ। ਉਹਨਾਂ ਵਿਚੋਂ ਇੱਕ ਬੱਚਾ ਉਥੇ ਰੁੱਕ ਗਿਆ। ਸਾਥੀਆਂ ਨੇ ਉਸਨੂੰ ਕਿਹਾ ਕਿ ਅਸੀਂ ਤਾਂ ਆਪਣਾ ਬਚਾ ਕਰ ਲਿਆ ਹੈ ਅਤੇ ਤੂੰ ਵੀ ਕੰਡਿਆਂ ਤੋਂ ਬਚ ਕੇ ਆ ਜਾ।

ਇਹ ਸੁਣਦਿਆਂ ਉਹ ਬਾਲਕ ਕਹਿਣ ਲੱਗਿਆ, "ਮਿਤੱਰੋ! ਤੁਸੀਂ ਖ਼ੁਦ ਦਾ ਬਚਾ ਤਾਂ ਕਰ ਲਿਆ ਹੈ, ਪਰ ਕਿਸੇ ਹੋਰ ਦੇ ਬਚਾ ਵਾਸਤੇ ਕੁੱਝ ਨਹੀਂ ਕੀਤਾ ਪਰ ਮੈਂ ਅਜਿਹਾ ਨਹੀਂ ਕਰਾਂਗਾ। ਮੈਂ ਇਹਨਾਂ ਕੰਡਿਆਂ ਨੂੰ ਸਾਫ ਕਰਕੇ ਹੀ ਅੱਗੇ ਤੁਰਾਂਗਾ। ਜੇਕਰ ਅਜਿਹਾ ਕਰਦਿਆਂ ਰਾਤ ਪੈ ਗਈ, ਤਾਂ ਇਥੇ ਹੀ ਰੁਕਾਂਗਾ ਅਤੇ ਆਉਂਦੇ-ਜਾਂਦੇ ਰਾਹੀ ਨੂੰ ਕੰਡਿਆਂ ਬਾਰੇ ਸੁਚੇਤ ਕਰਾਂਗਾ। ਸਵੇਰ ਹੋਣ 'ਤੇ ਸਾਰਾ ਰਸਤਾ ਸਾਫ ਕਰਕੇ ਹੀ ਅੱਗੇ ਜਾਵਾਂਗਾ।"

ਇਹ ਸਾਰੀ ਵਾਰਤਾਲਾਪ ਹਨੇਰੇ ਵਿੱਚ ਵਿਦਿਆਰਥੀਆਂ ਦੇ ਚੁੱਪ-ਚਾਪ ਪਿੱਛੇ ਆ ਰਹੇ ਉਸਤਾਦ ਨੇ ਸੁਣੀ। ਉਸਨੇ ਸਾਰੇ ਬੱਚਿਆਂ ਨੂੰ ਰੋਕਿਆ ਤੇ ਆਖਿਆ, "ਤੁਸੀਂ ਪੁੱਛਿਆ ਸੀ ਕਿ ਧਰਮ ਕੀ ਹੈ? ਆਪਣਾ ਬਚਾ ਕਰਕੇ ਨਿੱਕਲ ਜਾਣਾ ਧਰਮ ਨਹੀਂ। ਇਨਸਾਨ ਦਾ ਧਰਮ ਹੈ ਕਿ ਦੂਜਿਆਂ ਦਾ ਬਚਾ ਕਰੇ ਨਾ ਕਿ ਨਿੱਜੀ ਸੁਆਰਥ ਨੂੰ ਪਹਿਲ ਦੇਵੇ।"

ਜਿਨ੍ਹਾਂ ਕੋਲ ਮਾਨਵਵਾਦੀ ਸੋਚ ਦਾ ਅਜਿਹਾ ਮਹਾਨ ਲੱਛਣ ਹੈ, ਉਹਨਾਂ ਦੇ ਪਰਉਪਕਾਰ ਦੀਆਂ ਗੱਲਾਂ ਲੋਕ-ਕਹਾਣੀਆਂ ਦੇ ਰੂਪ ਵਿੱਚ ਸਦੀਆਂ ਤੱਕ ਲੋਕਾਂ ਦੀ ਜ਼ਬਾਨ 'ਤੇ ਗੁਣ-ਗੁਣਾਈਆਂ ਜਾਂਦੀਆਂ ਹਨ। ਉਹਨਾਂ ਦੇ ਵੱਡੇਪਣ ਦੀ ਉਦਾਹਰਣ ਖਿਮਾ ਅਤੇ ਦਇਆ ਹੈ। ਇਸ ਦੀ ਸੁੰਦਰ ਮਿਸਾਲ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਉਹ ਵਚਿੱਤਰ ਘਟਨਾ ਹੈ, ਜਦ ਇੱਕ ਬਜ਼ੁਰਗ ਮਾਈ ਉਹਨਾਂ ਦੇ ਕੋਲ ਆਈ। ਉਸਨੇ ਸੁਣਿਆਂ ਸੀ ਕਿ ਮਹਾਰਾਜਾ ਪਾਰਸ ਹੈ ਤੇ ਉਹ ਜਾਣਦੀ ਸੀ ਕਿ ਪਾਰਸ ਨਾਲ ਛੂਹਣ 'ਤੇ ਲੋਹਾ ਵੀ ਸੋਨਾ ਹੋ ਜਾਂਦਾ ਹੈ। ਮਾਈ ਨੇ ਆਪਣੇ ਹੱਥ ਵਿੱਚ ਫੜਿਆ ਤਵਾ ਮਹਾਰਾਜੇ ਦੇ ਤਨ ਨਾਲ ਰਗੜਨਾ ਸ਼ੁਰੂ ਕਰ ਦਿੱਤਾ। ਦੇਖਦੇ ਹੀ ਦੇਖਦੇ ਕਾਲਖ ਨਾਲ ਸਾਰੇ ਸੁੰਦਰ ਬਸਤਰ ਕਾਲੇ ਹੋ ਗਏ।

ਸਿਪਾਹੀਆਂ ਨੇ ਪੁੱਛਿਆ, "ਮਾਈ, ਇਹ ਤੂੰ ਕੀ ਕੀਤਾ? ਮਹਾਰਾਜ ਸਾਹਿਬ ਦੇ ਸਾਰੇ ਕੱਪੜੇ ਖਰਾਬ ਕਰ ਦਿੱਤੇ।" ਤਾਂ ਮਾਈ ਨੇ ਉਤੱਰ ਦਿਤਾ, "ਮੈਂ ਸੁਣਿਆ ਸੀ, ਮਹਾਰਾਜਾ ਪਾਰਸ ਹੈ, ਇਸੇ ਕਾਰਨ ਲੋਹੇ ਦੇ ਤਵੇ ਨੂੰ ਸੋਨੇ ਦਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹਾਂ।" ਇਹ ਸੁਣਦਿਆਂ ਮਹਾਰਾਜਾ ਰਣਜੀਤ ਸਿੰਘ ਨਰਾਜ਼ ਹੋਣ ਦੀ ਥਾਂ ਬੜੇ ਪ੍ਰੇਮ ਨਾਲ ਕਹਿਣ ਲੱਗੇ, "ਇਸ ਮਾਈ ਨੇ ਜੋ ਕਿਹਾ ਹੈ, ਉਹ ਠੀਕ ਹੈ। ਹੁਣ ਮੇਰਾ ਧਰਮ ਹੈ ਕਿ ਇਸ ਦਾ ਤਵਾ ਸੋਨੇ ਦਾ ਕਰਾਂ।" ਮਹਾਰਾਜਾ ਨੇ ਉਸ ਮਾਈ ਨੂੰ ਬਹੁਤ ਸਾਰ ਧਨ ਦਿੱਤਾ।

ਇਹ ਹੈ ਇਨਸਾਨੀਅਤ। ਇਨਸਾਨੀਅਤ ਵਿੱਚ ਕੇਵਲ ਪ੍ਰੇਮ ਹੀ ਹੁੰਦਾ ਹੈ, ਨਫਰਤ ਨਹੀਂ। ਜਿਸ ਅੰਦਰ ਈਰਖਾ, ਦਵੈਤ ਹੈ, ਉਹ ਇਨਸਾਨ ਨਹੀਂ। ਮਨੁੱਖ ਦਾ ਇਹ ਫਰਜ਼ ਹੈ ਕਿ ਉਹ ਪਿਆਰ ਦਾ ਉਪਾਸ਼ਕ ਬਣਕੇ ਮਾਨਵਤਾ ਦੀ ਖਿਦਮਤ ਕਰੇ। ਲੋੜਬੰਦਾਂ ਦੇ ਕੰਮ ਆਵੇ ਅਤੇ ਕੰਮਜ਼ੋਰਾਂ ਦੀ ਡੰਗੋਰੀ ਬਣੇ। ਮਾਨਵੀ ਦਿਲਾਂ ਨੂੰ ਜੋੜਨਾਂ ਇਨਸਾਨੀਅਤ ਹੈ ਤੇ ਜੁੜੇ ਦਿਲਾਂ ਨੂੰ ਤੋੜਨਾ ਹੈਵਾਨੀਅਤ ਹੈ :

ਦਿਲ ਦੁਖਾਨਾ ਛੋੜਕਰ, ਦਿਲਰੁਬਾ ਬਨ ਜਾਈਏ।
ਆਪ ਪੱਥਰ ਕਿਉਂ ਬਨੇ ਹੈ, ਆਈਨਾ ਬਨ ਜਾਈਏ।

ਸਿੱਖ ਧਰਮ ਦਾ ਮੂਲ ਅਧਾਰ "ਇਨਸਾਨੀਅਤ" ਹੈ। ਗੁਰਮਤਿ ਦਾ ਮਾਰਗ ਪ੍ਰੇਮ ਦਾ ਮਾਰਗ ਹੈ। ਇਥੇ ਪਿਆਰ,ਦਇਆ, ਸੇਵਾ ਤੇ ਪਰਉਪਕਾਰ ਦਾ ਸੰਦੇਸ਼ ਪੜ੍ਹਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਤਾਂ ਧਰਮ ਨੂੰ ਪਰਿਭਾਸ਼ਿਤ ਕਰਦਿਆਂ ਫੁਰਮਾਉਂਦੇ ਹਨ, "ਧੌਲੁ ਧਰਮ ਦਇਆ ਕਾ ਪੂਤ॥" ਅਰਥਾਤ ਧਰਮ ਦਇਆ ਦੀ ਕੁੱਖੋਂ ਜਨਮਦਾ ਹੈ। ਸਹੀ ਅਰਥਾਂ ਵਿੱਚ ਸਿੱਖ ਅਖਵਾਉਣ ਦਾ ਹੱਕਦਾਰ ਉਹੀ ਹੈ, ਜਿਸ ਦੇ ਹਿਰਦੇ ਅੰਦਰ ਦਇਆ ਤੇ ਪਰਉਪਕਾਰ ਹੈ। ਇਤਿਹਾਸਕ ਪਰਿਖੇਪ ਵਿੱਚ ਭਾਈ ਘਨੱਈਆ ਜੀ ਤੇ ਭਗਤ ਪੂਰਨ ਸਿੰਘ ਜੀ ਵਰਗੀਆਂ ਮਹਾਨ ਉਦਾਹਰਣਾਂ ਹਨ, ਜਿੰਨਾਂ ਦੀ ਜੀਵਨ ਸ਼ੈਲੀ ਨੇਕੀ ਤੇ ਪਰਉਪਰਕਾਰ ਨੂੰ ਸਮਰਪਿਤ ਸੀ। ਹੋਰਨਾਂ ਦੀ ਖੁਸ਼ੀ ਵਿਚੋਂ ਉਹਨਾਂ ਨੇ ਆਪਣੀ ਮੁਸਕਰਾਹਟ ਲੱਭ ਕੇ, ਤਾਰੀਖ ਦੇ ਪੰਨਿਆਂ 'ਤੇ ਨਵਾਂ ਅਧਿਆਇ ਸਿਰਜਿਆ।

"ਤੁਹਾਡੀ ਨਿਰਾਸ਼ਾ ਦਾ ਅਸਲ ਕਾਰਨ ਇਹੀ ਹੈ ਕਿ ਤੁਸੀਂ ਆਪਣੇ ਹੀ ਸੁੱਖ ਵਾਸਤੇ ਜਿਉਣਾ ਚਾਹੁੰਦੇ ਹੋ। ਜਿਹੜਾ ਦੂਜਿਆਂ ਦੇ ਵਾਸਤੇ ਜਿਉਣਾ ਚਾਹੁੰਦਾ ਹੈ, ਉਹ ਕਦੇ ਨਿਰਾਸ਼ ਨਹੀਂ ਹੁੰਦਾ।" ਇਹ ਅਨਮੋਲ ਬਚਨ ਸੰਸਾਰ ਦੇ ਮਹਾਨ ਫਿਲਾਸਫਰ "ਟਾਲਸਟਾਏ" ਦੇ ਹਨ। ਉਹਨਾਂ ਨੇ ਮਨੁੱਖੀ ਮਨ ਦੀ ਖੁਸ਼ੀ ਦੀ ਬੁਨਿਆਦ ਪਰਉਪਕਾਰ ਨੂੰ ਦੱਸਿਆ ਹੈ। ਆਪਣੀ ਮੁਸਕਰਾਹਟ ਦਾ ਭੇਦ ਅਸਲ ਵਿੱਚ ਦੂਸਰਿਆਂ ਦੀ ਖੁਸ਼ੀ ਵਿੱਚ ਲੁਕਿਆ ਹੋਇਆ ਹੈ। ਨੇਕੀ ਤੇ ਪਰਉਪਕਾਰ ਮਨੁੱਖਤਾ ਦੇ ਉਹ ਮਹਾਨ ਗੁਣ ਹਨ, ਜਿਨ੍ਹਾਂ ਸਦਕਾ ਮਨੁੱਖ ਆਪਣੇ ਤੇ ਪਰਾਏ ਦਾ ਵਖਰੇਵਾਂ ਤਿਆਗ ਕੇ ਸਾਰਿਆਂ ਨਾਲ ਚੰਗਿਆਈ ਭਰਿਆ ਸਲੂਕ ਕਰਦਾ ਹੈ। ਪਰਉਪਕਾਰ ਦਾ ਦਾਇਰਾ ਅਸੀਮ ਹੈ। ਜਿਥੇ ਪਰਉਪਕਾਰ ਦਾ ਇਕ ਪਹਿਲੂ ਹੈ ਕਿ ਲੋੜਬੰਦਾਂ ਦੀ ਸਹਾਇਤਾ ਕਰਨੀ, ਦੁਖੀਆਂ ਦੀ ਸੇਵਾ ਕਰਨੀ ਤੇ ਗਰੀਬ ਦੀ ਆਰਥਿਕ ਮਦੱਦ ਕਰਨੀ, ਉਥੇ ਇਸ ਦਾ ਦੂਸਰਾ ਪੱਖ ਇਸ ਤੋਂ ਵੀ ਮਹਾਨ ਹੈ ਤੇ ਉਹ ਹੈ: ਬੁਰਾ ਕਰਨ ਵਾਲੇ ਦਾ ਵੀ ਚੰਗਾ ਕਰਨਾ। ਵਾਸਤਵ ਵਿੱਚ ਭਲਾਈ ਉਹ ਹੈ, ਜੋ ਬੁਰਾਈ ਕਰਨ ਵਾਲੇ ਨਾਲ ਕੀਤੀ ਜਾਵੇ।

ਵਰਤਮਾਨ ਪਦਾਰਥਵਾਦੀ ਯੁਗ ਵਿੱਚ ਬੇਸ਼ੱਕ "ਕਰ ਭਲਾ, ਹੋ ਭਲਾ ਅੰਤ ਭਲੇ ਦਾ ਭਲਾ" ਕਥਨ ਸਾਰਥਕ ਨਹੀਂ ਜਾਪਦਾ, ਪਰ ਅਸਲੀਅਤ ਵਿੱਚ ਇਹ ਸਦੀਵੀ ਸੱਚ ਹੈ, ਜਿਸ ਬਾਰੇ ਸੂਫੀ ਸੰਤ ਬਾਬਾ ਫਰੀਦ ਜੀ ਫਰਮਾਉਂਦੇ ਹਨ ਕਿ ਜੇ ਮਾੜੇ ਮਨੁੱਖ ਨਾਲ ਚੰਗਾ ਸਲੂਕ ਕੀਤਾ ਜਾਵੇ, ਤਾਂ ਮਨ ਸ਼ਾਂਤ ਰਹਿੰਦਾ ਹੈ, ਸਰੀਰ ਸੁੱਖੀ ਰਹਿੰਦਾ ਹੈ:

"ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹੰਢਾਇ॥
ਦੇਹੀ ਰੋਗ ਨ ਲਗਈ, ਪਲੈ ਸਭੁ ਕਿਛੁ ਪਾਇ॥"

ਪਰਉਪਕਾਰੀ ਮਨੁੱਖ ਦਾ ਉੱਤੰਮ ਗੁਣ ਇਹ ਹੁੰਦਾ ਹੈ ਕਿ ਉਹ ਕਿਸੇ ਵੀ ਹਾਲਤ ਵਿੱਚ ਆਪਣਾ ਨੇਕੀ ਤੇ ਭਲਾਈ ਵਾਲਾ ਸੁਭਾਅ ਨਹੀਂ ਤਿਆਗਦਾ। ਅਜਿਹੇ ਪਰਉਪਕਾਰੀ ਸੁਭਾਅ ਦੀ ਮਿਸਾਲ ਉਸ ਨੇਕ ਦਿਲ ਇਨਸਾਨ ਤੋਂ ਮਿਲਦੀ ਹੈ, ਜੋ ਨਦੀ ਕਿਨਾਰੇ ਬੈਠਾ ਹੈ। ਉਸ ਦੀ ਨਜ਼ਰ ਪਾਣੀ ਵਿੱਚ ਡੁੱਬ ਰਹੇ ਬਿੱਛੂ 'ਤੇ ਪੈਂਦੀ ਹੈ। ਉਹ ਆਪਣਾ ਹੱਥ ਪਾਣੀ ਚ ਡੋਬਦਾ ਹੈ, ਤਾਂਕਿ ਡੁੱਬ ਰਹੇ ਬਿੱਛੂ ਨੂੰ ਬਾਹਰ ਕੱਢ ਸਕੇ, ਪਰ ਜਿਉਂ ਹੀ ਬਿੱਛੂ ਉਸਦੇ ਹੱਥ 'ਚ ਆਉਂਦਾ ਹੈ, ਤਾਂ ਹੱਥ ਤੇ ਡੰਗ ਮਾਰ ਦਿੰਦਾ ਹੈ। ਬਿੱਛੂ ਹੱਥ ਤੋਂ ਥੱਲੇ ਡਿੱਗ ਪੈਂਦਾ ਹੈ। ਪਰ ਪਰਉਪਕਾਰੀ ਮਨੁੱਖ ਦੁਬਾਰਾ ਫੇਰ ਹੱਥ ਬਿੱਛੂ ਨੂੰ ਫੜ ਕੇ ਬਾਹਰ ਕੱਢਣ ਦਾ ਜਤਨ ਕਰਦਾ ਹੈ, ਲੇਕਿਨ ਉਸਦੇ ਹੱਥ 'ਤੇ ਫੇਰ ਡੰਗ ਵਜਦਾ ਹੈ। ਜਦ ਇਹ ਕਿਰਿਆ ਕਈ ਵਾਰ ਦੁਹਰਾਈ ਜਾਂਦੀ ਹੈ,ਤਾਂ ਇਕ ਵਿਅਕਤੀ ਪਰਉਪਕਾਰੀ ਮਨੁੱਖ ਨੂੰ ਆਖਦਾ ਹੈ, "ਬਾਬਾ ਜੀ, ਜਦ ਇਹ ਬਿੱਛੂ ਤੁਹਾਡੇ ਹੱਥ 'ਤੇ ਵਾਰ ਵਾਰ ਡੰਗ ਮਾਰਦਾ ਹੈ, ਤਾਂ ਤੁਸੀਂ ਫੇਰ ਵੀ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਿਉਂ ਕਰਦੇ ਹੋ?" ਇਹ ਸੁਣਕੇ ਸ਼ਾਂਤ ਹਿਰਦੇ ਵਾਲੇ ਭੱਦਰ ਪੁਰਸ਼ ਨੇ ਉਤੱਰ ਦਿੰਦਾ, ਬਿੱਛੂ ਦਾ ਸੁਭਾਅ ਹੈ ਡੰਗ ਮਾਰਨਾ ਤੇ ਇਨਸਾਨ ਦਾ ਸੁਭਾਅ ਹੈ ਬਚਾਉਣਾ। ਜੇਕਰ ਇਹ ਜੀਵ ਆਪਣਾ ਸੁਭਾਅ ਨਹੀਂ ਤਿਆਗਦਾ, ਤਾਂ ਮੈਂ ਆਪਣਾ ਨੇਕੀ ਦਾ ਸੁਭਾਅ ਕਿਉਂ ਤਿਆਗ ਦੇਵਾਂ?"

ਦੂਜਿਆਂ ਦੀ ਜ਼ਿੰਦਗੀ ਨੂੰ ਸੰਕਟ ਮੁਕਤ ਕਰਨਾ ਪਰਉਪਕਾਰੀ ਇਨਸਾਨ ਆਪਣਾ ਫਰਜ਼ ਸਮਝਦੇ ਹਨ। ਇਥੋਂ ਤੱਕ ਕਿ ਉਹ ਮਨੁੱਖਤਾ ਦੀ ਭਲਈ ਵਾਸਤੇ ਆਪਣੀ ਜ਼ਿੰਦਗੀ ਵੀ ਕੁਰਬਾਨ ਕਰ ਦਿੰਦੇ ਹਨ ਤੇਲ ਹਮੇਸ਼ਾ ਵਾਸਤੇ ਅਮਰ ਹੋ ਜਾਂਦੇ ਹਨ :

ਮਰਨਾ ਭਲਾ ਹੈ ਉਸਕਾ, ਜੋ ਅਪਨੇ ਲੀਏ ਜੀਏ।
ਜੀਤਾ ਹੈ ਵੋਹ, ਜੋ ਮਰ ਚੁੱਕਾ ਹੈ, ਕੌਮ ਕੇ ਲੀਏ।

ਦਇਆ, ਨੇਕੀ ਤੇ ਪਰਉਪਕਾਰੀ ਦੀਆਂ ਉਦਹਾਰਣਾਂ ਸਾਡੇ ਇਤਿਹਾਸ ਦਾ ਮਾਣ ਹਨ। ਸਾਡੇ ਪੂਰਬਜਾਂ ਨੇ ਜੇਕਰ ਸਾਨੂੰ ਪਰਉਪਕਾਰ ਵਾਸਤੇ ਪ੍ਰੇਰਿਆ, ਤਾਂ ਪਹਿਲਾਂ ਉਹ ਖੁਦ ਇਸ ਮਾਰਗ ਦੇ ਪਾਂਧੀ ਬਣੇ। ਪਰਉਪਕਾਰ ਦੇ ਖੇਤਰ ਵਿੱਚ ਮੀਰੀ ਤੇ ਪੀਰੀ ਦੇ ਮਾਲਕ, ਯੁਗ ਪੁਰਸ਼ ਗੁਰੂ ਹਰਗੋਬਿੰਦ ਸਾਹਿਬ ਦੀ ਉਹ ਘਟਨਾ ਵਰਣਨਯੋਗ ਹੈ, ਜਦੋਂ ਗੁਰੂ ਸਾਹਿਬ ਨੇ ਗਵਾਲੀਅਰ ਦੇ ਕਿਲੇ ਵਿੱਚ 40 ਦਿਨ ਗੁਜ਼ਾਰੇ। ਉਸੇ ਹੀ ਕਿਲੇ ਵਿੱਚ ਭਾਰਤ ਦੀਆਂ ਵੱਖ-ਵੱਖ ਰਿਆਸਤਾਂ ਦੇ 52 ਰਾਜੇ ਕੈਦ ਸਨ, ਜੋ ਗੁਰੂ ਸਾਹਿਬ ਦੀ ਮਹਾਨ ਸ਼ਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ, ਉਹਨਾਂ ਦੇ ਸ਼ਰਧਾਲੂ ਬਣ ਗਏ।

ਜਦ 40 ਦਿਨਾਂ ਮਗਰੋਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਗਵਾਲੀਅਰ ਦਾ ਕਿਲਾ ਛੱਡਣ ਦਾ ਸੰਦੇਸ਼ ਭੇਜਿਆ, ਤਾਂ ਗੁਰੂ ਜੀ ਨੇ ਉਹਨਾਂ ਸ਼ਰਧਾਵਾਨ ਰਾਜਿਆਂ ਨੂੰ ਉਸੇ ਹਾਲ ਵਿੱਚ ਛੱਡ ਕੇ ਜਾਣਾ ਉਚਿਤ ਨਾ ਸਮਝਿਆ ਤੇ ਬਾਦਸ਼ਾਹ ਨੂੰ ਇਹ ਉਤੱਰ ਭੇਜ ਦਿੱਤਾ, "ਅਸੀਂ ਕਿਲ੍ਹੇ ਵਿਚੋਂ ਤੱਦ ਹੀ ਬਾਹਰ ਆਵਾਂਗੇ, ਜੇਕਰ ਇਹਨਾਂ 52 ਨਿਰਦੋਸ਼ ਇਨਸਾਨਾਂ ਨੂੰ ਵੀ ਛੱਡਿਆ ਜਾਵੇਗਾ।" ਅਖੀਰ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਦਾ ਇਹ ਬਚਨ ਮੰਨਿਆ। ਇਸ ਤਰ੍ਹਾਂ ਮਹਾਨ ਪਰਉਪਕਾਰੀ ਗੁਰੂ ਹਰਗੋਬਿੰਦ ਸਾਹਿਬ ਨੇ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਮੁਕਤ ਕਰਵਾਇਆ ਅਤੇ "ਬੰਦੀ-ਛੋੜ" ਅਖਵਾਏ। ਹੋਰਨਾਂ ਦੀ ਜ਼ਿੰਦਗੀ ਨੂੰ ਬੰਧਨ-ਮੁਕਤ ਕਰਕੇ ਨੇਕੀ ਤੇ ਪਰਉਪਕਾਰ ਕਰਨਾ ਜਿਸ ਗੁਰੂ ਦੇ ਜੀਵਨ ਦਾ ਅਹਿਮ ਮਨੋਰਥ ਹੋਵੇ, ਉਸ ਗੁਰੂ ਦੇ ਪੈਰੋਕਾਰਾਂ ਦਾ ਵੀ ਇਖ਼ਲਾਕੀ ਫਰਜ਼ ਬਣਦਾ ਹੈ ਕਿ ਉਸੇ ਮਹਾਨ ਮਾਰਗ ਦੇ ਪਾਂਧੀ ਬਣਨ।

ਅੱਜ ਵਕਤ ਦੀ ਨਬਜ਼ ਪਛਾਣਨ ਦੀ ਜ਼ਰੂਰਤ ਹੈ। ਇਕੀਵੀਂ ਸਦੀ ਦੀਆਂ ਬਰੂਹਾਂ ਤੇ ਖੜੋਤੇ ਅਜੋਕੇ ਇਨਸਾਨ ਨੂੰ ਆਪਣੇ ਅੰਤਹਕਰਨ ਅੰਦਰ ਇਨਸਾਨੀਅਤ ਦਾ ਚਿਰਾਗ ਜਗ੍ਹਾ ਕੇ ਉਸ ਪ੍ਰਕਾਸ਼ ਵਿਚੋਂ ਨਿਕਲਦੀਆਂ ਦਇਆ, ਮਿਤਰੱਤਾ, ਨੇਕੀ ਤੇ ਪ੍ਰੇਮ ਦੀਆਂ ਰਿਸ਼ਮਾ ਪੂਰੇ ਵਿਸ਼ਵ ਵਿੱਚ ਫੈਲਾਉਣੀਆਂ ਚਾਹੀਦੀਆਂ ਹਨ। ਸਿੱਖ, ਜੋ ਆਪਣੀ ਵਿਲੱਖਣ ਦਿੱਖ ਕਰਕੇ ਸੰਸਾਰ ਦਾ ਸਭ ਤੋਂ ਸੋਹਣਾ ਮਨੁੱਖ ਹੈ, ਉਸ ਨੂੰ ਆਪਣੇ ਧਾਰਮਿਕ ਤੇ ਸਭਿਆਚਾਰਕ ਸ਼ੁਭ ਗੁਣਾਂ ਰਾਹੀਂ ਵੀ ਨਿਵੇਕਲੀ ਪਹਿਚਾਣ ਬਣਾਉਣੀ ਲਾਜ਼ਮੀ ਹੈ। ਆਓ ! ਅੱਜ ਆਪਣੀ ਹਉਮੈ, ਹੰਕਾਰ ਤੇ ਹੌਕੜ ਦਾ ਤਿਆਗ ਕਰਕੇ ਤੇ ਗੁਰਮੁਤਿ ਦੇ ਧਾਰਨੀ ਬਣ ਕੇ ਆਪਣੇ ਸਮੂਹ ਵਿਵਾਦ ਖਤਮ ਕਰੀਏ, ਤਾਂਕਿ ਸੰਸਾਰ ਦੀਆਂ, ਹੋਰ ਕੌਮਾਂ ਸਾਡਾ ਮਜ਼ਾਕ ਨਾ ਉਡਾਉਣ, ਬਲਕਿ ਸਿੱਖ ਧਰਮ ਤੇ ਰਸ਼ਕ ਕਰਦੇ ਹੋਏ ਫ਼ਖ਼ਰ ਮਹਿਸੂਸ ਕਰਨ।

Punjabi Patrika Cookery Corner

-Baljinder Aulakh

OKRA with Black Pepper and Almonds

Ingredients:
3 tbsp vegetable oil
3-4 garlic cloves, peeled and sliced
4 tbsp shredded almonds
1.5 lb okra, trimmed
salt to taste
1 tbsp black peppercorns, crushed

Method:
Heat the oil in a large frying pan. Add the garlic and almonds, and stir-fry over a medium heat until golden brown. Remove with a slotted spoon. Add the okra and salt to the pan and stir-fry for 5 minutes until tender but not mushy.

Note: Use fresh peppercorns for this dish. Crush them in a pestle and mortar, or use the blade of a large knife.

Aloo Tikki

Ingredients:
1 1/4 lb potatoes, boiled, peeled and mashed
3 tbsp cornflour
1/2 cup green peas, boiled
4 tbsp oil
1 tsp cumin powder
1 tsp chilli powder
salt to taste
1 bunch fresh coriander leaves, chopped
1 green chilli, slit and finely chopped

Method:
Mix all the ingredients well, except the oil. Divide into 12 equal portions and make balls. Flatten each between the palms and put aside. Heat oil in a frying pan and shallow-fry over medium heat until golden brown and crisp on both sides. Press with a spatula and remove.
Serve with any chutney.

Upper Fraser Valley Developmental Preschool

A Non Profit Organization
3154 Clearbrook Road

Provides learning opportunities to enhance developmental pre-academic skills of young children

Spaces available immediately & September 2000

Register Now
859-1436

STOP PRESS

We received this news just as we were going to press. Judge Boyle of the Supreme Court of British Columbia brought down his judgement in the trial of Khalsa Diwan Society and the defendants in the case of the missing tables and chairs in June of 1998. It is the judge's decision that these items be returned by March 15th 2000 or alternatively pay damages for the tables and chairs in a value to be ascertained before the Registrar.

ਆਮ ਜਾਣਕਾਰੀ ਲਈ ਇਹ ਲਿਖਣਾ ਜ਼ਰੂਰੀ ਸਮਝਿਆ ਜਾਂਦਾ ਹੈ ਕਿ ਪੰਜਾਬੀ - ਪੱਤ੍ਰਿਕਾ ਵਿਚ ਛਪੇ ਲੇਖਾਂ ਵਿਚ ਪ੍ਰਗਟਾਏ ਗਏ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ । ਪੰਜਾਬੀ ਪੱਤ੍ਰਿਕਾ ਦਾ ਉਹਨਾਂ ਪ੍ਰਤੀ ਸਹਿਮਤ ਜਾਂ ਅਸਹਿਮਤ ਹੋਣਾ ਜ਼ਰੂਰੀ ਨਹੀਂ ਹੈ।।

YOUR DATE WITH STARS

Aries
[March 21 to April 20]
The muddling influence of Mars may provoke you to fall out with a friend on flimsy grounds. The confrontation, however, needs to be managed with care so that you are not blame for the rift.

Taurus
[April 21 to May 20]
Venus, your prime planet may turn your attention towards household matters. The results that ensue will commensurate with your efforts and expertise. In love too, you could make life easy for yourself.

Gemini
[May 21 to June 21]
Thanks to Mercury, your favourite planet, the people who shy away from you will come closer. They will even help you turn the tables on those who have been at logger-heads with you.

Cancer
[June 22 to July 22]
You have been passing through a money-conscious phase lately, expecting a windfall. There are challenges, no doubt, but the returns that follow will far exceed your estimate.

Leo
[July 23 to Aug 22]
There are ample opportunities around, but your need to choose the best one with care. If you hang on to the hackneyed ways as usual, it may irritate your associates and you may be at the receiving end.

Virgo
[Aug 23 to Sept 22]
Outdoor life may hold greater charm for you. You will feel tempted to spend money with a vengeance. As your financial position is in doldrums, you should handle your finances carefully.

Libra
[Sept 23 to Oct 22]
Excessive work-load and no relaxation is what your stars hint at. You will have no time to participate in social get-togethers, here is dire need to spend sometime with your friends or inmates.

Scorpio
[Oct 23 to Nov 22]
A period of hope and cheer. You will celebrate one pleasant occasion and get ready for the next one. The possibility of a new relationship is almost certain, but old relationships could also be taken due care of.

Sagittarius
[Nov 23 to Dec 22]
You will manage to shake off your proverbial reticence and shyness and would like to prove that you are a force to reckon with. For many of you, the boom that is about to follow, will be unbelievable.

Capricorn
[Dec 23 to Jan 20]
Try to concentrate on professional plans rather than wasting your time over flimsy matters. Friday and Saturday are best for seeking the help of big guns.

Aquarius
[Jan 21 to Feb 19]
The coming week may force you to spend lavishly, thanks mainly to the demands of your near and dear ones.

Pisces
[Feb 20 to March 20]
Moments of love and laughter are on their way to cheer up majority of Pisceans during this week. A modest effort on their part will be enough to elevate their social and financial achievements.

DESI NEWS

Lack of conservation wrecks art treasure

PATIALA— A rich treasure of miniature paintings, murals, frescoes and illustrated manuscripts, reflecting Rajasthani, Pahari, Punjabi and European art, found in 13 chambers of the historic Quila Mubarak and Kali Devi Temple, is passing into oblivion for want of conservation and care by the State Government.

Landless leave villages

ASAR MAJRA (Patiala) — The landless of this village are working in nearby town or other villages instead of their own. While landlords are relying on migrant labour or those from other villages.

Passengers want bus to go on

WAGAH— Shock and anxiety was writ large on the faces of passengers and crew of the Lahore-bound Pakistan Tourism Corporation luxury coach which was attacked by Shiv Sena activists near Phagwara.

Act or quit, Mann tells Jathedar

AMRITSAR — Mr Simranjit Singh Mann, President Shiromani Akali Dal (Amritsar) has said that Giani Puran Singh should either summon Mr Parkash Singh Badal, his ministerial colleagues and SGPC members for violating the controversial hukmnama or resign as Jathedar Akal Takht.

RTP workers smell rat in EPF fraud case

ROPAR — Workers of the Ropar Thermal Plant feel that there is something wrong in the non-registration of a case with the police with regard to the embezzlement of the employees provident fund and fraud case because the plant authorities have 'failed', even after more than a fortnight of the receipt of first communiqué from the PSEB on February 17, to lodge an FIR in this regard.

Govt's claim on investment questioned

LUDHIANA — The Lok Bhalai Party has given a clarion call to the people of the state to save Punjab from 'further ruin' at the hands of the SAD-BJP regime.

Drive against rabies

ROPAR — The district unit of the Society for Prevention of Cruelty to Animals launched a special drive against rabies by organising six free anti-rabies vaccination camps at Ropar, Kharar, SAS Nagar, Lakhnaur village near SAS Sagar, Anandpur Sahib and Nurpur Bedi in this district.

Rs 192 cr spent on welfare of SCs, BCs

LUDHIANA — The state government has spent Rs 192 crore for the welfare of Scheduled Castes and Backward Classes during the past three years, out of which Rs 40 crore has been spent under the "Shagun" scheme for the marriages of 76,897 girls belonging to Scheduled Castes.

Power, water supply disrupted

NAWANSHAHR — Local residents had to face inconvenience as the power supply remained disrupted for more than 16 hours in several areas of the town.

2 Pakistanis held, RDX seized

TARN TARAN — The local police has arrested two Pakistani citizens along with a revolver, 900 gm of RDX, four detonators, two time devices and other explosives. A case has been registered against them at Valtoha police station.

Guru Kashi centre neglected

BATHINDA: The local Guru Kashi Regional Centre of Punjabi University, Patiala, seems to have been neglected by the Punjabi University authorities if its present condition, including the academic atmosphere, is taken into account.

Diploma in dental specialities soon

CHANDIGARH — Various strategies to implement the national oral health care programme in Punjab, Haryana, Delhi and Chandigarh were deliberated upon by senior dentists at a two-day regional workshop organised recently. As many as 49 dentists attended the workshop. Dr Nasib Chand Mann, Additional Director, Dental Health Services, Punjab, presented a Punjab model of intensive dental health care programme.

Call for Sarbat Khalsa on April 13

Jalandhar - Deposed Akal Takht Jathedar Ranjit Singh gave a call for 'Sarbat Khalsa' on Baisakhi next month at Anandpur Sahib and said he would resume functioning as "real" jathedar from then onwards. The cleric gave the call for Sarbat Khalsa at the controversial seminar organised by the World Sikh Council (WSC) in defiance of a ban imposed by Akal Takht jathedar Puran Singh. Ranjit Singh urged the gathering to empower him to call a Sarbat Khalsa and resume functioning as jathedar, whereupon the gathering accorded its approval with shouts of "bole so nihal" and raising of hands. He appealed for holding similar seminars in each city to educate Sikh masses and build a momentum for the Sarbat Khalsa. The seminar also rejected Puran Singh's directive dissolving the WSC and accused him of playing into the RSS hands. "I will start working as jathedar of the top temporal seat once I get blessings of the Sarbat Khalsa. Then, I will resume the tasks which I left in March last year," Ranjit Singh told reporters after the seminar.

Khalsa is history on reel: Mangal Dhillon

Patiala - Khalsa is the cinematic revival of the Khalsa history. This was stated by noted film and television actor Mangal Dhillon while addressing a press conference. Looking thrilled at the premiere of his film Khalsa at Patiala tonight, he said his dream would be realised if the film reached every Punjabi house-hold across the globe. It was no mill-of-the-run but an off-beat film. "We have spent seven years and Rs 75 lakh on the movie and now we are going to show it to the people," he added. He said they had received encouraging response from the Bank of Punjab which had sponsored 30 shows of the film. He urged the Sikh industrialists, Punjabis, multi-national companies and non-resident Indians to help sponsor the shows.
The movie is being shown openly on projectors and its first show was organised in Rajpura Colony. Dhillon said he had deliberately delayed the telecast of the film as television was a casual medium and Khalsa was no casual subject for entertainment. While talking about his future projects, he said he was planning to make film from Sikhs to Singhs as well as The History of the Golden Temple.

Ravish Weds Amarjit

Ravish a very popular bachelor in Abbotsford traveled all the way to Ludhiana, Punjab to marry gorgeous Amarjit on December 4th, 1999. The groom's party traveled from Chandigarh to Ludhiana for a very traditional wedding ceremony. To celebrate this happy occasion with their friends and relatives in BC Ravish's parents Mr. & Mrs. Jadish Kanwal (a tax and immigration consultant in Abbotsford). Through a grand party on February 26th where a crowd of over 400 people turned out for a sumptuous dinner and danced the night away. We wish the happy couple a wonderful life together.

Davinder & Surinder Brar

This happy couple are obviously enjoying themselves by having fun on March 3rd. Which happens to be not only Davinder's Birthday but also their wedding anniversary. They celebrated the occasion with their family and some friends. We wish them many many more of the same.

Kyle Alamwala

Kyle Alamwala celebrated his third birthday recently. His grandparents, uncles, aunts, cousins, parents (Jerry and Pam), brother (Jordan), sisters (Mandy & Sharon) all showered him with presents and convey their love on this occasion.

'ਸਰਦਾਰ ਬਹਾਦਰ' ਤੇ 'ਓ.ਬੀ.ਆਈ' ਨਾਲ ਸਨਮਾਨਤ ਸੂਬੇਦਾਰ ਪੂਰਨ ਸਿੰਘ (ਪਿੰਡ ਮਲ੍ਹਾ) ਸਵਰਗਵਾਸ

ਪਿਛਲੇ 25 ਸਾਲਾਂ ਤੋਂ ਇਥੇ ਰਹਿ ਰਹੇ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ 'ਚ ਪਿੰਡ ਮੱਲ੍ਹਾ ਦੇ ਸਾਬਕਾ ਸਰਪੰਚ ਸਰਦਾਰ ਬਹਾਦਰ 'ਓ.ਬੀ.ਆਈ' ਸੂਬੇਦਾਰ ਪੂਰਨ ਸਿੰਘ ਆਪਣੀ 97 ਸਾਲ 6 ਮਹੀਨੇ ਦੀ ਜੀਵਨ ਯਾਤਰਾ ਸੰਪੂਰਨ ਕਰਕੇ ਵੀਰਵਾਰ 10 ਫਰਵਰੀ 2000 ਨੂੰ ਸ਼ਾਮ 4:20 ਵਜੇ ਸ੍ਰੀ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ ਅਤੇ ਆਪਣੀਆਂ ਚਾਰ ਸਪੁੱਤਰੀਆਂ ਬੀਬੀ ਸੁਰਜੀਤ ਕੌਰ ਸੰਘਾ, ਬੀਬੀ ਦਲੀਪ ਕੌਰ ਭੰਡਾਲ, ਬੀਬੀ ਰਣਜੀਤ ਕੌਰ ਗਿੱਲ, ਬੀਬੀ ਮਨਜੀਤ ਕੌਰ, ਤਿੰਨ ਸਪੁੱਤਰਾਂ ਸ. ਨਛੱਤਰ ਸਿੰਘ ਸਰਾਂ, ਸ. ਰਣਜੀਤ ਸਿੰਘ ਸਰਾਂ, ਸ.ਗੁਰਬਚਨ ਸਿੰਘ ਸਰਾਂ, 17 ਪੋਤੇ ਪੋਤੀਆਂ, ਦੋਹਤੇ ਦੋਹਤੀਆਂ, 12 ਪੜਪੋਤੇ ਪੜਪੋਤੀਆਂ, ਪੜਦੋਹਤੇ ਪੜਦੋਹਤੀਆਂ ਤੇ ਹੋਰ ਸਕੇ ਸਬੰਧੀਆਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ।

ਸਰਦਾਰ ਪੂਰਨ ਸਿੰਘ ਸਰਾਂ ਦਾ ਜਨਮ ਸਾਲ 1902 ਦੌਰਾਨ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮੱਲ੍ਹਾ ਵਿੱਚ ਹੋਇਆ। ਉਹ 16 ਸਾਲ ਦੀ ਉਮਰ ਵਿੱਚ ਬਰਤਾਨਵੀ ਫੌਜ ਵਿੱਚ ਭਰਤੀ ਹੋਏ ਅਤੇ 28 ਸਾਲ ਸਰਵਿਸ ਕੀਤੀ। ਦੂਜੇ ਸੰਸਾਰ ਯੁੱਧ ਵਿੱਚ ਭਾਗ ਲਿਆ ਅਤੇ ਅਫਰੀਕਨ ਸਟਾਰ (1939-44) ਵਜ਼ੀਰ-ਏ-ਹਿੰਦ (1921), ਆਰਡਰ ਆਫ ਬ੍ਰਿਟਿਸ਼ ਇੰਡੀਆ 'ਸਰਦਾਰ ਬਹਾਦਰ' ਅਤੇ ਹੋਰ ਕਈ ਤਮਗੇ ਹਾਸਲ ਕੀਤੇ। ਉਹ ਸਾਲ 1948 ਵਿੱਚ ਰਿਟਾਇਰ ਹੋਣ ਤੋਂ ਬਾਅਦ ਪਿੰਡ ਮੱਲ੍ਹਾ ਵਿਖੇ 25 ਸਾਲ ਸਰਪੰਚ ਰਹੇ ਅਤੇ ਪਿੰਡ ਵਿਚ ਬਹੁਤ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਿਵੇਂ ਕਿ ਹਸਪਤਾਲ, ਲੜਕੀਆਂ ਦੇ ਸਕੂਲ ਦੀ ਇਮਾਰਤ, ਪਿੰਡ ਦੀ ਸੜਕ, ਬਿਜਲੀ, ਡਾਕਖਾਨਾ, ਟੈਲੀਫੋਨ ਐਕਸਚੇਂਜ, ਬੈਂਕ ਅਤੇ ਧਰਮਸ਼ਾਲਾ ਬਣਾਉਣ ਵਿੱਚ ਕਾਮਯਾਬ ਰਹੇ। ਹੁਣ ਉਹਕਲੋਵਰਡੇਲ ਲੀਜ਼ਨ ਦੇ ਲਾਈਫ ਮੈਂਬਰ ਸਨ।

ਨੋਟ: ਸਾਰਾ ਪਰਿਵਾਰ ਡਾਕਟਰ ਜੀਤ ਸਿੰਘ ਜਵੰਦਾ ਦਾ ਅਤੀ ਧੰਨਵਾਈ ਹੈ ਜਿਨ੍ਹਾਂ ਨੇ ਸਰਦਾਰ ਪੂਰਨ ਸਿੰਘ ਸਰਾਂ ਦੀ ਸਿਹਤ ਦਾ ਬਹੁਤ ਖਿਆਲ ਰੱਖਿਆ ਅਤੇ ਉਨ੍ਹਾਂ ਦੀ ਮਿਹਨਤ ਦੇ ਸਦਕੇ ਉਹ ਇਤਨੀ ਉਮਰ ਤੱਕ ਪਹੁੰਚ ਸਕੇ।

SUBEDAR PURAN SINGH SARAN (O.B.I)

His name is Subedar Puran Singh Saraon and he was born in Mallah, District Ludhiana on August 09,1902 ans died on February 10, 2000. Father of 7, grandfather of 17 and greatfather of 13, this man lived a very exciting life, filled with so many memories some good some not so good. He was a strong and independent person who had a certain presence about himself. When the family is asked, "What do you remember most about him" the response is so different because he was so many different things to every member of his family.

Besides being a father, Puran Singh led a very different life. On August 09,1920 his 18th birthday he enrolled in King George's own Bengal Engineers, Miners and Sappers. He went to war for the British in the Northwest Frontiers in 1921 and again in 1935. King George the fifth honoured him with a medal and a watch for work organization. This was the first of many medals that Puran Singh would receive in his lifetime.

The army took him to many parts of the world where he saw action. He had been to Africa, Addis Ababa, Alexandria, Germany, Suez Canal, Cypress and other Mediterranean countries. He had seen thousands perish with only a few surviving. During all this time Puran Singh accumulated a whole string of medals for his bravery:-

1. The Order of British India – gold medal
2. The African Star
3. The 1939 -1945 World War ll Medal
4. The 1939 -1945 defence Medal-King George Vl
5. The 1921 –1924 King George V's Kaisar –a-Hind
6. The Waziristan 1921 – 1924 – Northwest Frontiers
7. The Sardar Bahadur Kithab medal

We are all so fortunate to have known this great and courageous man. He will no doubt be remembered so fondly by his family and friends.

Super FRUITICANA
WEEKEND SPECIAL March 10,11,12
31831 South Fraser Way, Abbotsford Ph: 864-9193
Special discount for Gurdwara and Parties
ਵੀਕਐਂਡ ਸਪੈਸ਼ਲ ਮਾਰਚ 10,11,12
(ਗਿਆਨ ਸਵੀਟਸ ਦੇ ਸਾਹਮਣੇ ਅਤੇ ਪ੍ਰਿੰਸ ਲਾਇਟਿੰਗ ਦੇ ਨਾਲ)
ਗੁਰਦੁਆਰੇ ਤੇ ਪਾਰਟੀਆਂ ਲਈ ਸਪੈਸ਼ਲ ਡਿਸਕਾਊਂਟ
ਨਿੰਬੂ Lemon 10 for 99¢
ਅੱਧਰਕ Ginger 99¢ lb
ਗਾਲਾ ਐਪਲ Gala Apple 69¢ lb
ਲਸਣ Garlic 99¢ lb
ਮੁਗਲ ਚਾਵਲ Mogul Rice $4.99 4kg bag
ਸਾਬਤ ਮੂੰਗੀ/ਓਰਦ Moongi/Urdh 59¢ lb
ਚਿੱਟੇ ਛੋਲੇ Chickpeas 59¢ lb
ਗੰਢਿਆਂ ਦੇ ਬੀ Onion Seeds 99¢ lb

ਕੁਰਬਾਨੀ ਦਾ ਮੁੱਲ

ਗੁਰਬਚਨ ਕੌਰ ਢਿਲੋਂ (ਪਿੰਡ ਮਹਿਰੋਂ - ਮੋਗਾ)

"ਠਾਹ ਠਾਹ" ਉਪਰੋ ਬਲੀ ਦੋ ਫਾਇਰ ਹੋਏ। ਉਸ ਵੇਲੇ ਗੋਲੀ ਦੀ ਆਵਾਜ਼ ਨੂੰ ਬਹੁਤ ਹੀ ਭਿਆਨਕ ਸਮਝਿਆ ਜਾਂਦਾ ਸੀ। ਸਭ ਲੋਕੀ ਅੰਦਰੋਂ ਅੰਦਰੀ ਸਹਿਮ ਗਏ। ਥੋੜੇ ਸਮੇਂ ਪਿਛੋਂ ਇੱਕ ਗਹੀਰ ਵਿਚੋਂ ਅੰਗ ਦੀਆਂ ਲਾਟਾਂ ਨਿਕਲੀਆਂ, ਜਿੰਨ੍ਹਾਂ ਨੇ ਡੁੱਬਦੇ ਸੂਰਜ ਨੂੰ ਦੁਪਹਿਰ ਦੀ ਧੁੱਪ ਵਾਂਗ ਜਗਮਗਾ ਦਿੱਤਾ। ਕਿਸੇ ਦਾ ਹੀਆ ਨਹੀਂ ਸੀ ਜੋ ਬਾਹਰ ਗਲ ਕੱਢ ਕੇ ਦੇਖਦਾ। ਹਰ ਪਾਸੇ ਸੋਗ ਵਰਗੀ ਚੁੱਪ ਤੇ ਸਿਵਿਆਂ ਦੀ ਦੁਪਹਿਰ ਵਰਗਾ ਡਰ ਫੈਲਿਆ ਹੋਇਆ ਸੀ। ਦੇ ਪੁਛਵਾਏ ਸੂਰਜ ਦੁਆਲੇ ਘੁੰਮਦੇ ਗ੍ਰਹਿਆਂ ਵਾਂਗ ਲਾਟਾਂ ਦੁਆਲੇ ਘੁੰਮ ਰਹੇ ਸਨ।

ਬੰਤੀ ਦਾ ਸਰੂ ਵਰਗਾ ਕੱਦ, ਕੂੰਜ ਵਰਗੀ ਧੌਣ, ਹਿਰਨੀ ਵਰਗੀਆਂ ਅੱਖਾਂ, ਤਲਵਾਰ ਵਰਗਾ ਤਿੱਖਾ ਨੱਕ, ਸਿਓ ਵਰਗਾ ਰੰਗ , ਉਮਰ ਤੀਹਾਂ ਤੋਂ ਥੱਲੇ, ਕੱਹ-ਕਾਫ ਦੀ ਪਰੀ ਜਾਪਦੀ ਸੀ। ਬੁਤੀਆਂ ਠੋਡੀ ਤੇ ਉਂਗਲ ਰੱਖਕੇ ਇੱਕ ਦੂਜੀ ਨੂੰ ਕਹਿੰਦੀਆਂ, " ਹਾਏ ਨੀ ! ਵਿਹਲੇ ਬਹਿਕੇ ਘੜਿਆ ਰੱਬ ਨੇ"। ਤੀਹ ਸਾਲ ਦੀ ਉਮਰ ਵਿੱਚ ਉਹ ਦੋ ਲੜਕਿਆਂ ਦੀ ਮਾਂ ਬਣ ਗਈ ਸੀ। ਇਹ ਉਸ ਦੀ ਖੁਬਸੂਰਤੀ ਤੇ, ਹੋਰ ਵੀ ਸੋਨੇ ਤੇ ਸੁਹਾਗੇ ਵਾਲੀ ਗੰਲ ਸੀ। ਉਸ ਦੇ ਘਰ ਵਾਲਾ ਉਚੇਰਾ ਲੋਮਾਂ ਗਭਰੂ, ਬੰਤੀ ਦੇ ਪੈਰ ਧੋ ਧੋ ਪੀਂਦਾ ਸੀ। ਜਦੋਂ ਉਹ ਰਸ਼ਕ ਵਿੱਚ ਆਉਂਦਾ ਤਾਂ ਕਹਿੰਦਾ, "ਮੈਂ ਇੰਦਰ ਨਾਲੋਂ ਘੱਟ ਨਹੀਂ ਹਾਂ ਤੇ ਮੇਰੀ ਘਰ ਵਾਲੀ ਪਰੀ ਤੋਂ" ਉਹਦਾ ਘਰ ਨਿਰਾ ਸਵਰਗ ਸੀ।

ਅਚਾਨਕ ਬੰਤੀ ਦੇ ਘਰਵਾਲੇ ਨੂੰ ਉਲਟੀਆਂ ਟੱਟੀਆਂ ਲੱਗ ਗਈਆਂ। ਸ਼ਹਿਰ ਪੰਜ ਮੀਲ ਦੀ ਵਿੱਥ ਉਤੇ ਸੀ। ਬੰਤੀ ਦੇ ਘਰ ਵਾਲੇ ਦਾ ਦੋਸਤ ਸ਼ੇਰਾ ਬੋਤਾ ਲੈ ਕੇ ਸ਼ਹਿਰ ਨੂੰ ਹਕੀਮ ਕੋਲ ਭੱਜਾ। ਬੰਤੀ ਗੰਢਿਆਂ ਦਾ ਪਾਣੀ ਕੱਢ ਕੱਢ ਕੇ ਉਸ ਦਾ ਉਹਤ ਪੋਹੜ ਕਰਦੀ ਰਹੀ, ਪਰ ਉਲਟੀਆਂ, ਟੱਟੀਆਂ ਵੱਧ ਜਾਣ ਨਾਲ ਕੁੱਝ ਸਮੇਂ ਵਿੱਚ ਹੀ ਉਸ ਦੀ ਮੌਤ ਹੋ ਗਈ। ਬੰਤੀ ਦੇ ਚੰਦ ਵਰਗੇ ਮੁਖੜੇ ਤੇ ਗ੍ਰਹਿਣ ਲੱਗ ਗਿਆ। ਘਰ ਨਰਕ ਬਣ ਗਿਆ। ਬੰਤੀ ਦਾ ਇੱਕੋ ਇਕ ਭਰਾ, ਉਹ ਵੀ ਅਮਲੀ, ਜਿਹੜਾ ਅਪਨਾ ਆਪ ਵੀ ਨਹੀਂ ਸੀ ਚੁੱਕ ਸਕਦਾ ਕੁੱਝ ਮਦਦ ਨਾ ਕਰ ਸਕਿਆ। ਇਸ ਕਰਕੇ ਬੰਤੀ ਨੂੰ ਆਪਣੇ ਘਰ ਵਾਲੇ ਦੇ ਦੋਸਤ ਸ਼ੇਰੇ ਦਾ ਸਹਾਰਾ ਲੈਣਾ ਪਿਆ। ਸ਼ੇਰਾ ਅਜੇ ਵਿਆਹਿਆ ਨਹੀਂ ਸੀ। ਉਸ ਨੇ ਬੰਤੀ ਦੇ ਬੱਚੇ ਪਾਲਣ ਦੀ ਜ਼ੁੰਮੇਵਾਰੀ ਲੈਲਈਲੈ ਲਈ। ਕੁੱਝ ਚਿਰ ਤਾਂ ਉਹ ਬੰਤੀ ਦੇ ਪਤੀ ਵਾਲੇ ਘਰ 'ਚ ਹੀ ਰਿਹਾ ਤੇ ਉਸ ਦਾ ਕੰਮ ਕਾਜ ਸੰਭਾਲਦਾ ਰਿਹਾ। ਥੋੜੇ ਚਿਰ ਚੁ ਹੀ ਸਮਾਜ ਦੀਆਂ ਉਂਗਲਾਂ ਸ਼ੇਰੇ ਵੱਲ ਉਠੰਣ ਲਗੀਆਂ। ਕਈ ਵਾਰ ਗਲੀ ਵਾਲਿਆਂ ਨੇ ਸ਼ੇਰੇ ਨੂੰ ਕੁੱਟਣ ਦੀਆਂ ਵਿਉਂਤਾਂ ਵੀ ਬਣਾਈਆਂ। ਮਾਹੌਲ ਜ਼ਿਆਦਾ ਵਿਗੜਦਾ ਵੇਖ ਕੇ, ਸ਼ੇਰੇ ਨੇ ਬੰਤੀ ਨਾਲ ਸਲਾਹ ਕਰਕੇ ਸਾਰ ਘਰ ਦਾ ਸਮਾਨ ਆਪਣੇ ਘਰ ਲੈ ਆਂਦਾ, ਫੇਰ ਉਸ ਨੇ ਛੋਟੇ ਲੜਕੇ ਨੂੰ ਕੁੱਛੜ ਚੁਕਿਆ, ਵੱਡੇ ਨੂੰ ਉਂਗਲੀ ਲਾਇਆ, ਪਿਛੇ ਬੰਤੀ ਚਿੱਟੇ ਚਾਦਰੇ ਦੀ ਬੁਕੱਲ ਮਾਰ ਕੇ ਸਾਰੀ ਦੀ ਸਾਰੀ ਉਸ ਵਿੱਚ ਲੁਕੀ, ਭਿੱਜੀ ਕਬੂਤਰੀ ਵਾਂਗ ਸਹਿਮੀ ਤੁਰੀ ਜਾ ਰਹੀ ਸੀ। ਸ਼ੇਰੇ ਦੇ ਘਰ ਜਾਕੇ , ਬੰਤੀ ਵਿਹੜੇ ਵਿੱਚ ਡੱਠੇ ਮੰਜੇ ਤੇ ਧੜੰਮ ਦੇ ਕੇ ਜਾ ਪਈ, ਮਾਨੋ ਉਹ ਇੱਕ ਜਿਉਂਦੀ ਲਾਸ਼ ਸੀ। ਸ਼ੇਰੇ ਨੇ ਦੁੱਧ ਗਰਮ ਕਰਕੇ ਬੱਚਿਆਂ ਨੂੰ ਪਿਲਾਇਆ, ਛੋਟੇ ਮੁੰਡੇ ਨੂੰ ਬੰਤੀ ਦੇ ਨਾਲ ਪਾਕੇ, ਵੱਡੇ ਨੂੰ ਆਪਣੇ ਨਾਲ ਪਾ ਲਿਆ। ਮੂਹਰੇ ਰਾਤ ਆ ਗਈ ਸੀ, ਨਾ ਉਹਨਾਂ ਦੀਵਾ ਬੱਤੀ ਕੀਤਾ, ਨਾ ਹੀ ਕੁੱਝ ਖਾਧਾ ਪੀਤਾ। ਬੰਤੀ ਸਿੱਧੀ ਪੈਂਦੀ ਤਾਂ ਰੋਂਦੀ ਦੇ ਕੰਨ ਭਿਜ ਜਾਂਦੇ, ਜੇ ਟੇਡ੍ਹੀ ਪਾਸਾ ਲੈਂਦੀ ਤਾਂ ਸਿਰ ਥੱਲੇ ਦਿਤੀ ਬਾਂਹ ਭਿਜ ਜਾਂਦੀ, ਕਦੇ ਕਦੇ ਆਪ ਮੁਹਾਰਾ ਕਹਿੰਦੀ, "ਹਾਏ ਵੇ ਡਾਹਡਿਆ ਰੱਬਾ, ਤੂੰ ਇਹ ਕੀ ਕੀਤਾ?" ਸਾਰੀ ਰਾਤ ਸੋਚ ਸੋਚ ਕੇ ਤੇ ਰੋ ਰੋ ਕੇ ਬੰਤੀ ਹੌਲੀ ਹੌਲੀ ਫੁਹ ਹੋ ਗਈ ਸੀ। ਦਿਨ ਚੜ੍ਹਦੇ ਸਾਰ ਉਸ ਨੇ ਚੁਲ੍ਹਾ ਚੌਕਾ ਸੰਭਰਿਆ, ਪਤੀਲਾ ਮਾਂਜ ਕੇ ਚਾਹ ਬਣਾਈ, ਦੋਨਾਂ ਬੱਚਿਆ ਨੂੰ ਸ਼ੇਰੇ ਦੇ ਕੋਲ ਬਿਠਾ ਕੇ ਆਪ ਕੋਲ ਪੀੜ੍ਹੀ ਤੇ ਬੈਠ ਕੇ ਛੋਨੇ 'ਚ ਚਾਹ ਪਾਕੇ, ਨੀਵੀਂ ਪਾਈ ਬੈਠੇ ਸ਼ੇਰੇ ਦੇ ਮੋਢਲੇ ਨੂੰ ਹਲੂਣ ਕੇ ਕਿਹਾ, "ਫੜ ਚਾਹ ਪੀ, ਤਕਤਾ ਹੋ, ਏਨੇ ਬਿਨ੍ਹਾਂ ਜੁਆਕ ਨਹੀਂ ਸੀ ਪਲਣੇ, ਜੇ ਹੋ ਗਿਆ, ਸੋ ਠੀਕ ਹੀ ਹੋ ਗਿਆ। ਰੋਜ਼ ਰੋਜ਼ ਦਾ ਡਰ ਮੁਕਿਆ।" ਸ਼ੇਰੇ ਨੇ ਬੰਤੀ ਤੋਂ ਚਾਹ ਵਾਲਾ ਛੋਨਾਂ ਫੜਦਿਆਂ ਕਿਹਾਂ, "ਬੰਤੀ ਤੂੰ ਗਲਤ ਨਾ ਸਮਝੀ। ਇਨੀ ਬਿਨਾਂ ਸਰਨਾ ਨਹੀਂ ਸੀ। ਹੁਣ ਮੈਂ ਵਿਆਹ ਨਹੀਂ ਕਰਵਾਂਗਾ। ਆਪਣੇ ਯਾਰ ਦੀ ਇਜ਼ੱਤ ਢੱਕਣਾ ਮੇਰਾ ਕੰਮ ਹੈ। ਤੈਨੂੰ ਕੱਲਿਆ ਕਿਸੇ ਨੇ ਟਿਕਣ ਨਹੀਂ ਸੀ ਦੇਣਾ। ਤੇਰੇ ਦਰਵਾਜ਼ੇ ਰੋਜ਼ ਖੜਕਣੇ ਸਨ। ਉਸ ਬੇ-ਹਿਆਈ ਨਾਲੋਂ ਇੱਕ ਦਿਨ ਦੀ ਬਦਨਾਮੀ ਚੰਗੀ ਹੈ। ਇਹ ਕੰਮ ਮੈਂ ਬਹੁਤ ਹੀ ਸੋਚ ਕੇ ਕੀਤਾ ਹੈ। ਰੱਬ ਨੂੰ ਇਹੋ ਮਨਜ਼ੂਰ ਸੀ। ਚੌਹਾਂ ਜਣਿਆਂ ਨੇ ਪ੍ਰਵਾਰ ਦੀ ਤਰ੍ਹਾਂ ਬਹਿ ਕੇ ਚਾਹ ਪੀਤੀ। ਬੰਤੀ ਦੇ ਘਰ ਜਦੋਂ ਸ਼ੇਰਾ ਜਾਂਦਾ ਸੀ ਤਾਂ ਕਦੇ ਇਸ ਤਰ੍ਹਾਂ ਨਹੀਂ ਸੀ ਬੈਠਾ। ਅੱਜ ਹੋਰ, ਕੱਲ ਹੋਰ, ਬੰਤੀ ਦਾ ਮਨ ਘਰ ਵਿੱਚ ਲੱਗਣ ਲੱਗਾ। ਸ਼ੇਰੇ ਦੀ ਹਿੰਮਤ ਬਲ ਫੜਨ ਲੱਗੀ। ਥੋੜੇ ਚਿਰ ਵਿੱਚ ਹੀ ਬੰਤੀ ਨੂੰ ਆਪਣਾ ਘਰ ਫੇਰ ਸਵਰਗ ਲੱਗਣ ਲੱਗਾ, ਪਰ ਹੁਣ ਉਹਦਾ ਇੰਦਰ ਉਸ ਦਾ ਪਤੀ ਨਹੀ, ਸ਼ੇਰਾ ਸੀ।

ਬੰਤੀ ਦੇ ਵੱਡੇ ਮੁੰਡੇ ਦਾ ਨਾਂ ਕਰਤਾਰਾ ਤੇ ਛੋਟਲੇ ਦਾ ਸਰਦਾਰਾ ਸੀ। ਦੋਨੋਂ ਮੁੰਡੇ ਆਪਣੇ ਬਾਪ ਵਾਂਗ ਸੋਹਣੇ ਸੁਨੱਖੇ ਸਨ। ਸ਼ੇਰਾ ਵੱਡੇ ਮੁੰਡੇ ਨੂੰ ਹਰ ਵੇਲੇ ਨਾਲ ਰੱਖਣ ਲੱਗ ਪਿਆ। ਜਦ ਕਰਤਾਰਾ ਕੁੱਝ ਵੱਡਾ ਹੋ ਗਿਆ ਤਾਂ ਉਹਨਾਂ ਬੰਤੀ ਦੀ ਜ਼ਮੀਨ ਤੇ ਆਪਣੀ ਜ਼ਮੀਨ ਵਾਹੀ ਕਰ ਲਈ। ਬੰਤੀ ਦੇ ਘਰ ਡੰਗਰ ਵੱਛਾ ਬੰਨ੍ਹਦੇ, ਉਸ ਨੂੰ ਲਿਪ ਪੋਚ ਕੇ ਰੱਖਦੇ, ਦੋਨੋਂ ਘਰ ਉਹਨਾਂ ਨੇ ਖੂਬ ਸੰਭਾਲ ਕੇ ਰੱਖੇ ਹੋਏ ਸਨ। ਵਾਹੀ ਦਾ ਕੰਮ ਚੰਗਾ ਠਾਠ ਬਾਠ ਨਾਲ ਚਲਾਇਆ ਸੀ। ਲੋਕ ਵੀ ਉਹਨਾਂ ਬਾਰੇ ਮੂੰਹ ਚੁ ਉਂਗਲਾਂ ਲੈਣੋ ਹੱਟ ਗਏ ਸਨ। ਹੁਣ ਉਹ ਚਾਰੇ ਜਣੇ ਸੁਭਾਵਕ ਜ਼ਿੰਦਗੀ ਜੀ ਰਹੇ ਸਨ। ਉਹਨਾਂ ਦੇ ਪ੍ਰਵਾਰ 'ਚ ਬੰਤੀ, ਸ਼ੇਰੇ, ਕਰਤਾਰੇ ਤੇ ਸਰਦਾਰੇ ਬਿਨ੍ਹਾਂ ਹੋਰ ਕੋਈ ਨਹੀ ਸੀ।

ਕਰਤਾਰਾ ਤੇ ਸਰਦਾਰਾ ਜੁਆਨ ਹੁੰਦੇ ਗਏ। ਸ਼ੇਰੇ ਨੇ ਉਹਨਾਂ ਦੀ ਦੇਖਭਾਲ ਵਿੱਚ ਕੋਈ ਕਸਰ ਨਾ ਛੱਡੀ। ਦੁੱਧ ਘਿਉ ਦੀ ਘਰ 'ਚ ਟੋਟ ਨਾ ਆਉਣ ਦਿੰਦਾ। ਬੰਤੀ ਹਰ ਵੇਲੇ ਆਪਣੇ ਪੁੱਤਾਂ ਦੀ ਸੇਵਾ 'ਚ ਲੱਗੀ ਰਹਿੰਦੀ। ਦਿਨਾਂ 'ਚ ਹੀ ਮੁੰਡੇ ਜੁਆਨ ਦਿਸਣ ਲੱਗੇ। ਬੰਤੀ ਤੇ ਸ਼ੇਰਾ ਜਦੋਂ ਕੱਲੇ ਘਰ ਹੁੰਦੇ ਤਾਂ ਬੰਤੀ ਕਰਤਾਰੇ ਦੇ ਵਿਆਹ ਦੀ ਗੱਲ ਸ਼ੇਰੇ ਨਾਲ ਛੇੜਦੀ। ਸ਼ੇਰਾ ਵੀ ਇਸ ਗੱਲ ਨਾਲ ਰਜ਼ਾਮੰਦ ਸੀ, ਪਰ ਇਕ ਖੋਫ ਜਿਹੜਾਂ ਸ਼ੇਰੇ ਦੇ ਅੰਦਰ ਛੁਪਿਆ ਹੋਇਆ ਸੀ, ਸ਼ੇਰੇ ਦੇ ਸਾਹਮਣੇ ਆਕੇ ਖੜਾ ਹੋ ਜਾਂਦਾ। ਸ਼ੇਰਾ ਇਕ ਦਮ ਮਾਨੋਂ ਚੌਂਕ ਕੇ ਖੜ੍ਹਾ ਹੋ ਜਾਂਦਾ ਬੰਤੀ ਇਸ ਗੱਲ ਦੀ ਸ਼ੱਕ ਕਰਦੀ ਕਿ ਸ਼ਾਇਦ ਸ਼ੇਰਾ ਮੁੰਡੇ ਦਾ ਵਿਆਹ ਨਹੀਂ ਕਰਨਾ ਚਾਹੁੰਦਾ।

ਇੱਕ ਦਿਨ ਬੰਤੀ ਨੇ ਸ਼ੇਰੇ ਨੂੰ ਸਖ਼ਤੀ ਨਾਲ ਕਿਹਾ, "ਤੇਰੇ ਮਨ ਵਿੱਚ ਕੀ ਗੱਲ ਹੈ? ਸਾਫ ਸਾਫ ਕਹਿ ਦੇ, ਜਦੋਂ ਵੀ ਮੈਂ ਕਰਤਾਰੇ ਦੇ ਵਿਆਹ ਦੀ ਗੰਲ ਕਰਦੀ ਹਾਂ ਤੂੰ ਅਣਸੁਣੀ ਕਰ ਦਿੰਦਾ ਹੈਂ, ਮੈਨੂੰ ਵੀ ਪਤਾ ਲਗਣਾ ਚਾਹੀਦਾ ਹੈ, ਤੇਰੇ ਮਨ ਵਿੱਚ ਕੀ ਹੈ?" ਸ਼ੇਰੇ ਨੇ ਬੰਤੀ ਨੂੰ ਯਕੀਨ ਦੁਆਂਦਿਆਂ ਕਿਹਾ, "ਬੰਤੀ ਤੂੰ ਮੇਰੇ ਤੇ ਸ਼ੱਕ ਨਾ ਕਰ। ਮੇਰਾ ਜੋ ਕੁੱਝ ਵੀ ਹੈ , ਇਹ ਦੋਨੋਂ ਬੱਚੇ ਹਨ। ਮੈਂ ਇਹਨਾਂ ਨੂੰ ਆਪਣੇ ਘਰ 'ਚ ਵਸਦੇ ਰਸਦੇ ਵੇਖਣਾ ਚਾਹੁੰਦਾ ਹਾਂ, ਹੋਰ ਮੈਂ ਰੱਬ ਕੋਲੋਂ ਕੁੱਝ ਨਹੀਂ ਮੰਗਦਾ। ਮੈਂ ਤਾਂ ਬਸ ਆਪਣੇ ਯਾਰ ਦਾ ਘਰ ਉਸੇ ਤਰ੍ਹਾ ਵਸਦਾ ਦੇਖਣਾ ਚਾਹੁੰਦਾ ਹਾਂ। ਤੂੰ ਧੀਰਜ ਰੱਖ, ਮੈਂ ਕਰਤਾਰੇ ਦੇ ਸਾਕ ਲਈ ਭਜਿਆ ਫਿਰਦਾ ਹਾਂ।"

ਇਕ ਦਿਨ ਸ਼ੇਰਾ ਬਾਹਰੋਂ ਲੱਤਾਂ ਘਸੀਟ ਘਸੀਟ ਘਰ ਦਾ ਬੂਹਾ ਲੰਘਿਆ। ਖੱਬੇ ਹੱਥ ਨਾਲ ਚਾਦਰੇ ਨੂੰ ਸਹਾਰੀ, ਤੇ ਸੱਜਾ ਹੱਥ, ਕੰਧ ਨਾਲ ਖੜ੍ਹੇ ਮੰਜੇ ਨੂੰ ਪਾਕੇ, ਸਾਰੇ ਜ਼ੋਰ ਨਾਲ ਵਿਹੜੇ 'ਚ ਸੁੱਟਿਆ। ਆਪ ਕਟਕ ਦੀ ਬੋਰੀ ਵਾਂਗ ਉਸ ਉਤੇ ਡਿਗਦਿਆਂ ਕਿਹਾ, "ਬੰਤੀ ਲੱਸੀ ਦਾ ਛੰਨਾ ਲਿਆ "ਬੰਤੀ ਦੇ ਹੱਥੋਂ ਲੱਸੀ ਦਾ ਛੰਨਾ ਫੜਦਿਆਂ ਸ਼ੇਰੇ ਨੇ ਕਿਹਾ, "ਤੂੰ ਵੀ ਪੀੜ੍ਹੀ ਲਿਆ ਕੇ ਬੈਠ ਜਾ, ਮੇਰੀ ਗੱਲ ਸੁਣ।" ਬੰਤੀ ਪੀਹੜੀ ਲੈਣ ਚਲੀ ਗਈ। ਸ਼ੇਰਾ ਲੱਸੀ ਪੀਕੇ ਛੰਨੇ ਨੂੰ ਮੰਜੇ ਦੀ ਪੁਆਂਦੀ ਰੱਖਦਿਆਂ, ਮੋਢੇ ਤੇ ਸੁੱਟੇ ਪਰਨੇ ਨਾਲ ਮੁੱਛਾਂ ਪੂੰਜਣ ਲਗਾ। ਬੰਤੀ ਪੀੜ੍ਹੀ ਡਾਹਕੇ ਬੈਠਦਿਆਂ ਕਹਿਣ ਲੱਗੀ, "ਸੁੱਖ ਤਾਂ ਹੈ?" ਸ਼ੇਰੇ ਨੇ ਖੰਘੂਰਾ ਮਾਰਦਿਆਂ ਕਿਹਾ, "ਹਾਂ ਇਕ ਗੰਲ ਕਰਨੀ ਹੈ, ਤੇਰੇ ਨਾਲ" ਬੰਤੀ ਨੇ ਨੀਝ ਲਾਕੇ ਉਸ ਦੇ ਮੂੰਹ ਵੱਲ ਤੱਕਦਿਆ ਕਿਹਾ, "ਹਾਂ ਦੱਸ ਕੀ ਗੰਲ ਹੈ?" ਸ਼ੇਰੇ ਨੇ ਹੌਸਲਾ ਕਰਕੇ ਗੱਲ ਛੇੜੀ, "ਬਈ ਗੱਲ ਇਹ ਹੈ ਕਿ ਜਦੋਂ ਵੀ ਕੋਈ ਕਰਤਾਰੇ ਨੂੰ ਵੇਖਣ ਵਾਲਾ ਆਉਂਦਾ ਹੈ, ਤਾਂ ਕਹਿੰਦਾ ਹੈ, ਮੁੰਡਿਆਂ ਨੂੰ ਆਪਣੇ ਘਰ ਵਿੱਚ ਹੋਣਾ ਚਾਹੀਦਾ ਹੈ। ਤੇਰੇ ਚੁਲ੍ਹੇ ਤੇ ਸਾਡੀ ਧੀ ਨੂੰ ਵਿਆਹ ਕੇ ਲਿਆਉਣਾ ਠੀਕ ਨਹੀਂ। ਬੰਤੀ ਨੇ ਵਿੱਚੋਂ ਹੀ ਟੋਕ ਕੇ ਕਿਹਾ, "ਤੇ ਹੁਣ?" ਸ਼ੇਰਾ ਕਹਿਣ ਲਗਾ, "ਹੁਣ ਕੀ, ਤੂੰ ਮੁੰਡਿਆਂ ਨੂੰ ਲੈ ਕੇ ਘਰ ਜਾਹ, ਸਾਕ ਪੱਕਾ ਸਮਝ, ਮੇਰੀ ਉਹਨਾਂ ਨਾਲ ਪੱਕੀ ਕੀਤੀ ਹੈ। ਮੈਂ ਸੋਚ ਲਿਆ ਹੈ ਕਿ ਇਹ ਕੁਰਬਾਨੀ ਮੈਨੂੰ ਕਰਨੀ ਹੀ ਪਊ, ਤਾਂ ਹੀ ਮੇਰਾ ਧਰਮ ਰਹਿ ਸਕਦਾ ਹੈ। ਬੰਤੀ ਦਾ ਚੇਹਰਾ ਇਕ ਦਮ ਪੀਲਾ ਫਿਰ ਗਿਆ।ਉਹ ਕੋਈ ਜਵਾਬ ਨਾ ਦੇ ਸਕੀ। ਸ਼ੇਰਾ ਆਪ ਮੁਹਾਰੇ ਹੀ ਬੋਲੀ ਗਿਆ, ਬੰਤੀ ਸੁਣੀ ਗਈ। ਬੰਤੀ ਆਪਣੀ ਉਲਾਦ ਦੀ ਖਾਤਿਰ, ਇਸ ਗੱਲ ਤੇ ਅੜ ਨਾ ਸਕੀ ਕਿ ਉਸ ਨੇ ਇਹ ਨਹੀਂ ਕਰਨਾ। ਅਗਲੇ ਦਿਨ ਹੀ ਬੰਤੀ ਦਾ ਸਾਮਾਨ, ਜਿਵੇਂ ਆਇਆ ਸੀ, ਉਸੇ ਤਰ੍ਹਾਂ ਵਾਪਸ ਉਸ ਦੇ ਘਰ ਜਾਣ ਲੱਗਾ।

ਇੱਕ ਚੰਗਾ ਦਿਨ ਵਿਚਾਰ ਕੇ ਰੋਟੀ ਵੀ ਬੰਤੀ ਦੇ ਘਰ ਪਕਾਈ ਗਈ। ਉਸੇ ਦਿਨ ਤੋਂ ਬੰਤੀ ਦੇ ਮੁੰਡੇ ਉਸੇ ਘਰ ਸੌਣ ਲਗੇ। ਸ਼ੇਰਾ ਕੱਲਾ ਆਪਣੇ ਘਰ 'ਚ ਪਿਆ ਰਾਤ ਨੂੰ ਤਾਰੇ ਗਿਣਦਾ ਰਹਿੰਦਾ ਸੀ। ਸ਼ੇਰੇ ਦੇ ਵਾਅਦੇ ਮੁਤਾਬਿਕ ਮਿਥੇ ਦਿਨ ਕਰਤਾਰੇ ਦਾ ਮੰਗਣਾ ਹੋ ਗਿਆ। ਮੰਗਣੇ 'ਚ ਆਏ ਸ਼ਰੀਕਾਂ ਮੂੰਹ ਜੋੜ ਗੱਲਾਂ ਕੀਤੀਆਂ ਕੋਈ ਕਹਿੰਦਾ, "ਅਸ਼ਕੇ ਜੱਟ ਦੇ, ਐਨਾਂ ਜੇਰਾ ਕੌਣ ਕਰੂ? ਕੋਈ ਕਹਿੰਦਾ, "ਉਇ ਇਹਨੇ ਕੀ ਖੱਟਿਆ, ਔਤਰਹੀ ਮਰ ਜੂ ਜੱਟੀ ਮਤਲਬ ਕੱਢ ਕੇ ਲਤ ਮਾਰ ਗਈ।" ਜਿੰਨੇ ਮੂੰਹ ਉਨੀ ਭਾਖਿਆ। ਲੋਕੀ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਘੜਦੇ ਰਹਿੰਦੇ।

ਕਰਤਾਰ ਦੇ ਵਿਆਹ ਦਾ ਦਿਨ ਨੇੜੇ ਆ ਗਿਆ। ਬੰਤੀ ਦੇ ਪਤੀ ਦੀਆਂ ਤਮਾਮ ਰਿਸ਼ਤੇਦਾਰੀਆਂ ਨੂੰ ਬੁਲਾਇਆ ਗਿਆ। ਹਰ ਸ਼ਗਨ ਵਿੱਚ ਬਾਪ ਦੀ ਥਾਂ ਤਾਏ ਨੂੰ ਤੇ ਮਾਮੇ ਨੂੰ ਖੜ੍ਹਾਂ ਕੀਤਾ ਗਿਆ। ਵਿਆਹ ਵਿੱਚ ਕੋਈ ਕਮੀ ਨਾ ਛੱਡੀ। ਗੰਜ ਬੱਜ ਕੇ ਵਿਆਹ ਹੋਇਆ। ਬੰਤੀ ਦੀ ਨੂੰਹ ਨਿਹਾਇਤ ਹੀ ਖੂਬ-ਸੂਰਤ ਲੜਕੀ ਸੀ, ਤੁਰਦੀ ਤਾਂ ਮਾਨੋ ਧਰਤੀ ਹਿਲਦੀ। ਜਿਵੇਂ ਕਦੇ ਪਿੰਡ ਵਿੱਚ ਬੰਤੀ ਦੀਆਂ ਗੰਲਾਂ ਹੋਈਆ ਸਨ, ਉਵੇਂ ਹੁਣ ਨੂੰਹ ਦੀਆਂ ਗੰਲਾਂ ਹੋਣ ਲੱਗ ਪਈਆਂ। ਘਰ ਤੇ ਪਹਿਲੀ ਬਹਾਰ ਫਿਰ ਮੁੜ ਆਈ। ਵਿਆਹ ਤੋਂ ਬਾਅਦ ਸ਼ੇਰੇ ਨੇ ਬੰਤੀ ਦਾ ਘਰ ਬਿਲਕੁਲ ਛੱਡ ਦਿਤਾ। ਉਹ ਕਦੇ ਵੀ ਬੰਤੀ ਦੇ ਘਰ ਨਾ ਆਉਂਦਾ।

ਇਕ ਦਿਨ ਮੁੰਡਿਆਂ ਤੋਂ ਅੱਖ ਬਚਾਕੇ, ਰਾਤ ਵੇਲੇ ਬੰਤੀ ਸ਼ੇਰੇ ਦੇ ਘਰ ਚਲੀ ਆਈ, ਜਦੋਂ ਤੋਂ ਸ਼ੇਰੇ ਦਾ ਘਰ ਛੱਡਿਆ ਸੀ, ਬੰਤੀ ਪਹਿਲੀ ਵਾਰ ਸ਼ੇਰੇ ਦੇ ਘਰ ਆਈ ਸੀ। ਸ਼ੇਰਾ ਬੰਤੀ ਨੂੰ ਦੇਖ ਇਕ ਦਮ ਚੌਂਕ ਗਿਆ। ਕਹਿਣ ਲੱਗਾ, "ਬੰਤੀ ਹੁਣ ਤੇਰਾ ਮੇਰੇ ਘਰ ਆਉਣਾ ਠੀਕ ਨਹੀਂ ਹੈ। ਹੁਣ ਤੂੰ ਪੁੱਤਾਂ ਦੇ ਘਰ ਹੀ ਸੋਹਣੀ ਹੈ। ਉਥੇ ਹੀ ਰਹਿ, ਨਾਲੇ ਮੇਰਾ ਧੀ ਵਾਲਿਆਂ ਨਾਲ ਵਾਦਾ ਹੈ, ਕਿ ਬੰਤੀ ਆਪਣੇ ਪੁੱਤਾਂ ਨਾਲ ਰਹੂਗੀ।" ਬੰਤੀ ਕਹਿਣ ਲੱਗੀ, "ਸ਼ੇਰਿਆ ਮੈਨੂੰ ਇਹ ਪਛਤਾਵਾਂ ਟਿਕਨ ਨਹੀਂ ਦਿੰਦਾ, ਬਈ ਤੂੰ ਮੈਥੋਂ ਕੀ ਖੱਟਿਆ। ਮੈਂ ਆਪਣੇ ਪੁੱਤ ਪਾਲ ਕੇ ਤੈਨੂੰ ਧੱਕਾ ਦੇ ਗਈ। ਤੇਰੀ ਕੁਰਬਾਨੀ ਦਾ ਮੁੱਲ ਕੌਣ ਤਾਰੂਗਾ।" ਸ਼ੇਰੇ ਨੇ ਬਥੇਰਾ ਸਮਝਾਇਆ ਤੇ ਕਿਹਾ, "ਮੈਂ ਤਾਂ ਯਾਰ ਦੀ ਯਾਰੀ ਮਗਰ ਗਿਆ ਹਾਂ। ਆਪਣੇ ਯਾਰ ਦਾ ਘਰ ਵਸਦਾ ਦੇਖ ਕੇ ਮੈਂ ਬਹੁਤ ਖੁਸ਼ ਹਾਂ, ਤੂੰ ਆਪਣੇ ਮੁੰਡਿਆਂ ਨੂੰ ਖੰਭਾਂ ਥੱਲੇ ਲੈ। ਮੈਂ ਤਾਂ ਕਲੰਰ ਦਾ ਰੁੱਖ ਹਾਂ ਕਿਸੇ ਦਿਨ ਡਿੱਗ ਜਾਊਂਗਾ।" ਬੰਤੀ ਨੇ ਉਸ ਦੀ ਇਕ ਨਾ ਸੁਣੀ। ਉਹ ਘਰ ਵਾਪਸ ਨਾ ਗਈ। ਅਗਲੇ ਦਿਨ ਮੁੰਡਿਆਂ ਨੂੰ ਪਤਾ ਲਗਾ ਤਾਂ ਉਹ ਦੋਨੋਂ ਭਰਾ ਸ਼ੇਰੇ ਦੇ ਘਰ ਗਏ ਤਾਂ ਆਪਣੀ ਮਾਂ ਨੂੰ ਉਥੇ ਵੇਖ ਕੇ ਲਾਲ ਪੀਲੇ ਹੋਣ ਲੱਗੇ। ਸ਼ੇਰੇ ਨੇ ਤਿੰਨਾਂ ਜਣਿਆਂ ਨੂੰ ਬਿਠਾ ਕੇ ਸਮਝਾਇਆਂ, ਤੇ ਬੰਤੀ ਨੂੰ ਮੁੰਡਿਆਂ ਨਾਲ ਤੋਰ ਦਿਤਾ।

ਬੰਤੀ ਕੁਝ ਦਿਨ ਆਪਣੇ ਘ

CLASSIFIEDS

JOB VACANCY

Wanted person with mechanical knowledge to work in Trucking Business. Some training could be provided for right person. Wages will depend on ability and experience. Could work out to a permanent position. Call 857-1462

ਕੰਮ ਦੀ ਭਾਲ ਵਿੱਚ ਹੋ?

ਟ੍ਰੱਕ ਬਿਜ਼ਨੈਸ ਵਿੱਚ ਕੰਮ ਕਰਨ ਵਾਲੇ ਵਿਅਕਤੀ ਦੀ ਲੋੜ ਹੈ, ਜਿਸ ਨੂੰ ਮਕੈਨਿਕ ਜਾਣਕਾਰੀ ਹੋਣੀ ਚਾਹੀਦੀ ਹੈ। ਸਹੀ ਵਿਅਕਤੀ ਨੂੰ ਟ੍ਰੇਨਿੰਗ ਵੀ ਦਿਤੀ ਜਾਵੇਗੀ। ਤਨਖਾਹ ਤਜ਼ਰਬੇ ਅਤੇ ਯੋਗਤਾ ਤੇ ਨਿਰਭਰ ਹੈ। ਕੁੰਮ ਪਰਮਾਨੈਂਟ ਵੀ ਹੋ ਸਕਦਾ ਹੈ।

ਫੋਨ: 857-1462

Baha'i Faith Devotions

(first Sunday of each month)
10:30 a.m. - Noon
A.S.A Hall 2651 Cyril Street
"Everyone Welcome"
Phone: 859-7436

"Ye are all the leaves of one tree, the drops of one ocean."

Baha'i Info Line
1-800-433-3284

Blueberry Plants for year 2000

Good, steady Duke & Bluecrop 2 year old plants ready for planting. Many other new varieties available for next year. Bluegold & Nelson variety will be ready by next spring. Call Kifi 826-2269 Pgr: 504-2722

Picture Frames

All kinds of Picture Framing for Photographs, Family portraits, Scenary & all types of Frames
Very Reasonable Rates
Please call
Ajit Singh at 854-5069

JANITORIAL FRANCHISE

$1999 + cost. Contracts available immediately!
852-4533 Leave message.

ਜੈਨੀਟੋਰੀਅਲ ਫ੍ਰੈਂਚਾਇਜ਼ ਲਭ ਰਹੇ ਹੋ? ਹੁਣੇ 852-4533 ਤੇ ਫੋਨ ਕਰ ਕੇ ਮੈਸੇਜ਼ ਛੱਡੋ।

MATRIMONIAL

26 ਸਾਲਾ ਜੱਟ ਸਿੱਖ ਖੁਬਸੂਰਤ ਡਿਵੋਰਸ, ਈਮੀਗਰੈਂਟ ਲੜਕੀ ਲਈ ਇਮੀਗਰੈਂਟ ਜੱਟ ਸਿੱਖ ਆਦਮੀ ਦੀ ਲੋੜ ਹੈ। ਲੜਕੀ ਦੇ ਰਿਸ਼ਤੇਦਾਰ 20 ਸਾਲ ਤੋਂ ਜ਼ਿਆਦਾ ਕਨੇਡਾ ਵਿੱਚ ਰਹਿ ਰਹੇ ਹਨ। ਕਿਰਪਾ ਕਰਕੇ ਇਮੀਗਰੈਂਟ ਹੀ ਫੋਨ ਕਰਨ।

Ph:(250) 554-3324
Fax: (604) 850-8460

MATRIMONIAL

ਜੱਟ ਸਿੱਖ 52 ਸਾਲ ਮਰਦ ਜ਼ਿੰਦਗੀ ਭਰ ਦਾ ਸਾਥ ਨਿਭਾਉਣ ਵਾਲੀ ਇਕ ਸੁੰਦਰ ਸੁਸ਼ੀਲ ਔਰਤ ਦੀ ਭਾਲ ਵਿੱਚ ਹੈ। ਵੀਜ਼ੀਟਰ ਵੀ ਫੋਨ ਕਰ ਸਕਦੇ ਹਨ। ਚਾਹਵਾਨ ਔਰਤ ਦੀ ਉਮਰ 50 ਸਾਲ ਤੋਂ ਘੱਟ ਹੋਵੇ।

ਫੋਨ (604) 852-2288

ਸਿਲਾਈ

ਔਰਤਾਂ ਦੇ ਸੂਟ, ਬੱਚਿਆਂ ਦੀਆਂ ਫਰਾਕਾਂ ਆਦਿ ਦੀ ਵਧੀਆ ਸਿਲਾਈ ਕਰਵਾਉਣ ਲਈ ਰਣਜੀਤ ਕੌਰ ਨੂੰ 852-1519 ਤੇ ਫੋਨ ਕਰੋ। ਕੰਮ ਤਸਲੀਬਖਸ਼ ਹੁੰਦਾ ਹੈ, ਅਤੇ ਕੀਮਤ ਬਿਲਕੁਲ ਵਾਜਿਬ ਹੈ।

FOOD SAFE LEVEL I & II

Food Safe Level I & II courses are available weekly from Certified Educator
FEES: $55.00
Please call Christina Limmer for more information.
870-5665

ਠੇਕੇਦਾਰ ਦੀ ਜ਼ਰੂਰਤ

ਸਟ੍ਰਾਬੇਰੀ, ਬਲੂਬੇਰੀ, ਗੋਭੀ ਅਤੇ ਫਾਰਮਾਂ ਦੇ ਕੰਮ ਵਾਸਤੇ ਘੱਟੋ ਘੱਟ 50 -60 ਵਰਕਰਾਂ ਵਾਲੇ ਠੇਕੇਦਾਰ ਦੀ ਲੋੜ ਹੈ। ਚਾਹਵਾਨ 856-4937 ਤੇ ਫੋਨ ਕਰ ਕੇ ਹੋਰ ਜਾਣਕਾਰੀ ਪ੍ਰਾਪਤ ਕਰੋ।

FACTORY WORKERS

Strong Factory Workers are needed. Must have own rides, steady work. Please call AMARJIT at:-
807 – 0990

PIZZA COOK

Avon 2 for 1 Pizza requires experienced Pizza cook for their new location at Cedar Park Place, Abbotsford. Call Kamaljit at 853-0218.

ਵਰਕਰਾਂ ਦੀ ਜ਼ਰੂਰਤ

ਠੇਕੇਦਾਰ ਨੂੰ ਫੁੱਲਾਂ ਦੇ ਸੀਜ਼ਨ ਲਈ 15 ਵਰਕਰਾਂ ਦੀ ਜ਼ਰੂਰਤ ਹੈ, ਕੰਮ ਪੀਸ ਵਰਕ ਦਾ ਹੈ, ਮੇਹਨਤੀ ਕਾਮਿਆਂ ਨੂੰ ਸੀਜਨ ਦੌਰਾਨ ਫੈਕਟਰੀ ਵਿੱਚ ਘੰਟਿਆਂ ਤੇ ਕੰਮ ਦਿਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਪੇਜ਼ਰ ਕੋਰ 604-504-8197

TRUCK FOR SALE

1998 Freightliner truck, model FLD 120 Condo, plus 87 loadking trailer. Only 424,000 kms. Good Condition. Call Jagdev Kanwal for more information at 854-5099.

VACANCIES

English & Punjabi speaking admisssions REPS required - Base Salary + commission. Please fax resume to 504-5889 Fraser Valley Vocational Training Centre
Attn: Gurmit Grewal

HUMAN RIGHTS AND HUMAN DIGNITY CONFERENCE

Abbotsford Community Services invites you to the above conference on March 9 & 10. Registration begins 8:30 am. Keynote and panel presentation will take place at the Inn at King's Crossing and UCFV. Contact Kiran Malli or Jas Gill at
859-7681 ext.270

ਸੋਸ਼ਲ ਸਰਵਿਸਿਜ਼ ਵਾਲੰਟੀਅਰ ਕਮੇਟੀ ਐਬਟਸਫੋਰਡ, ਬੀ.ਸੀ.

ਨਿਸ਼ਾਨੇ

- √ ਭਾਰਤ ਤੋਂ ਨਵੇਂ ਆਏ ਇਮੀਗ੍ਰੈਂਟਸ ਦੀ ਮਦਦ ਕਰਨਾ।
- √ ਸੀਨੀਅਰ ਸਿਟੀਜ਼ਨ ਦੀਆਂ ਮੁਸ਼ਕਲਾਂ ਤੇ ਵਿਚਾਰ ਤੇ ਹੱਲ।
- √ ਪਰਵਾਰਿਕ ਹਿੰਸਾ ਸਮਾਪਤ ਕਰਨ ਵਿੱਚ ਸਹਾਇਕ ਹੋਣਾ।
- √ ਹਸਪਤਾਲਾਂ ਵਿੱਚ ਬਿਮਾਰਾਂ ਲਈ ਦੂਭਾਸ਼ੀਏ ਦੀ ਸੇਵਾ।
- √ ਈ.ਆਈ ਤੇ ਸਿਟੀਜ਼ਨਸ਼ਿਪ ਦੇ ਫਾਰਮ ਭਰਨ ਵਿੱਚ ਮਦਦ।
- √ ਨੌਜਵਾਨ ਪੀੜੀ ਦੀ ਬੇਚੈਨੀ ਦੇ ਪੱਕੇ ਹੱਲ ਲਈ ਯਤਨ ਕਰਨੇ।

ਹੋਰ ਐਕਟੀਵ ਮੈਂਬਰਾਂ ਦੀ ਲੋੜ ਹੈ। ਜੇ ਕੋਈ ਸੱਜਣ, ਵੀਰ ਜਾਂ ਭੈਣ ਇਸ ਵਾਲੰਟੀਅਰ ਕਮੇਟੀ ਦੀ ਮੈਂਬਰ ਬਣਨ ਦੇ ਚਾਹਵਾਨ ਹੋਣ ਤਾਂ ਉਪਰੋਕਤ ਕਿਸੇ ਮੈਂਬਰ ਨੂੰ ਫੋਨ ਕਰ ਸਕਦੇ ਹਨ।

ਮੈਂਬਰ:

ਮੋਹਿੰਦਰ ਸਿੰਘ ਗਿੱਲ (ਮੋਮ) ਕਾਊਂਸਲਰ	852-8538		
ਹਰਦੇਵ ਸਿੰਘ ਸਿੱਧੂ	852-0821	ਮੋਹਿੰਦਰ ਸਿੰਘ ਮਣਕੂ	850-7589
ਅੰਗਰੇਜ਼ ਸਿੰਘ ਗਿੱਲ	855-7698	ਗੁਰਚਰਨ ਸਿੰਘ ਢੀਂਡਸਾ	855-8976
ਕੁਲਦੀਪ ਸਿੰਘ ਮੀਲੂ	855-9385	ਜਗਦੇਵ ਸਿੰਘ ਕੰਵਲ	854-5099
ਗੁਰਬਚਨ ਕੌਰ ਢਿਲੋਂ	854-4228	ਮੇਹਰ ਸਿੰਘ ਦਿਓਲ	852-1024
ਜਸਵੰਤ ਸਿੰਘ ਗਿੱਲ	855-7171	ਸ਼ਾਂਤੀ ਸ਼ਰਮਾ	864-6094
ਮੱਘਰ ਸਿੰਘ ਗਿੱਲ	855-0128	ਮੂਲਾ ਸਿੰਘ ਭੱਟੀ	850-8694
ਕੁਲਵਰਨ ਸਿੰਘ ਵਿਰਕ	855-1015	ਨਿਰਮਲ ਸਿੰਘ ਬੈਂਸ	855-9897
ਤੇਜਾ ਸਿੰਘ ਗਰੇਵਾਲ	864-9255	ਹਰਪਾਲ ਸਿੰਘ ਗਿੱਲ	850-5132
ਮਾਘੀ ਰਾਮ ਸ਼ਰਮਾਂ	854-6459	ਨਿਰਮਲ ਸਿੰਘ ਗਿੱਲ	854-3746
ਤੇਜਾ ਸਿੰਘ ਬਿੰਦ	852-8617	ਹਰਦਿਆਲ ਸਿੰਘ ਘੁੰਮਣ	852-4405

Classifieds are $7.00 (inclusive of all taxes)
Mail or fax to: Punjabi Patrika, 1481 Tracey St., Abbotsford • V2T 6G4 •
Phone (604) 852-2288 • Fax (604) 852-1878

The GRAMMARIAN

Prof. Hardyal Singh Aulakh MA, MPhil

Note:
The Grammarian is a regular feature of this paper and does *three* things:
(a) answers your English usage as well as grammatical queries;
(b) assigns you a suitable homework; and,
(c) publishes the homework answers in the oncoming issue.
We would, therefore, appreciate if you could participate in this feature with all your heart and with all your soul. - Editor

Sunita Narang, Mission, BC
Q. How would you differentiate between *end product* and *end result* ?

Ans. Simple. You just need to know the difference between *product* and *result*.
End product usually means *'the final product of a process, or series of processes.'*
Example: These young professionals are the *end product* of expensive public schools and exclusive colleges of Canada.

End result may simply mean *the eventual outcome*. Very often, these phrases can be substituted for each other.
Example: This agreement is the *end product/end result* of several years of negotiations.

Caution: You may use only *product* or *result*, as the use of *end* is viewed as clearly redundant these days.

Anne, Abbotsford, BC
Q. Which phrase is correct, *quest for* or *quest of* ?

A. Both are correct, depending upon the context they are used in.
Example:
She has always been in favour of the never-ending *quest for* the truth.
She went around the whole world in *quest of* her missing brother.

Jasse, Surrey, BC
Q. I very often get confused about whether *stationery* or *stationary* means *writing materials*. Please help.

A. Very simple. *Stationery* means *writing materials* that may include a pen.
Now, look at *pen* which has an *'e'* in it, and *stationery*, too, has an *'e'*. If you keep in mind *pen* and the *'e'* in it, you will never get confused.
Well, *stationary* means *not moving*.
For example: a *stationary* truck.

Manpreet, Abbotsford, BC
Q. Which is more appropriate in formal English, *especially* or *specially* ?

Ans. Both *especially* and *specially* are adverbs, as you know. I think we can understand better if we first have a look at their adjectival forms, that is, *especial* and *special*.

In the beginning of the 20th century, *especial* had a meaning different form that of *special*. *Especial* meant *exceptional* (*e. g.*, an *especial* wine) as opposed to something for a particular purpose (e. g., a *special* wine to go with cheese).

Hence, *especially* may mean *exceptionally/outstandingly/remarkably*.
Example,
She is an *especially* eloquent speaker.

And *specially* may mean *particularly*.
Example,
This chair was *specially* designed for the handicapped.

In the end, we would like to say that most writers these days do not seem to preserve this distinction any more.

Over to **Letter Patterns in Words** now :

Keeping the given letter sequence, change the position of only one letter in each word below to make a new word:
Example: startles starlets

1. empathic	_____	11. doorless	_____
2. lambkins	_____	12. amenable	_____
3. clacking	_____	13. trumpets	_____
4. lumbers	_____	14. overdoes	_____
5. stopping	_____	15. pretense	_____
6. egocentric	_____	16. complaint	_____
7. octillion	_____	17. latitude	_____
8. strident	_____	18. compared	_____
9. tasteless	_____	19. thatches	_____
10. discreetly	_____	20. immersed	_____

Look for the answers in the next issue of Punjabi Patrika to see where you stand.

Do You Need Assistance with Canadian Immigration Issues?

ਤੁਹਾਨੂੰ ਕਨੇਡੀਅਨ ਇਮੀਗ੍ਰੇਸ਼ਨ ਸਬੰਧੀ ਸਲਾਹ ਦੀ ਲੋੜ ਹੈ?

For Expertise Advise on Any Application

- Independent (skilled worker)
- Entrepreneur
- Family Class
- Foreign Worker
- Entertainer
- Investor
- Self Employed
- Student Visa*
- Professional Athletes
- Any other enquiry on immigration

* Enrollment into any trade institution, college or university.
Assistance in location and upgrading in Canada.
Post Graduation opportunities are also available.

ਕਿਸੇ ਵੀ ਤਰ੍ਹਾਂ ਦੀ ਐਪਲੀਕੇਸ਼ਨ ਕਰਨ ਲਈ ਵਧੀਆ ਸਲਾਹ

- ਸੁਤੰਤਰ (ਨਿਪੁੰਨ ਕਾਮਾ)
- ਉਦਯੋਗਪਤੀ
- ਫੈਮਲੀ ਕਲਾਸ
- ਵਿਦੇਸ਼ੀ ਕਾਮਾ
- ਮਨੋਰੰਜਕ
- ਨਿਵੇਸ਼ਪਤੀ
- ਆਪ ਨਿਯੁਕਤ
- ਸਟੂਡੈਂਟ ਵੀਜਾ*
- ਪ੍ਰੋਫੈਸ਼ਨਲ ਐਥਲੀਟ
- ਹੋਰ ਕਿਸੇ ਇਮੀਗ੍ਰੇਸ਼ਨ ਸਬੰਧੀ ਸਮੱਸਿਆ

* ਕਾਲਜ, ਯੂਨੀਵਰਸਿਟੀ ਜਾਂ ਟਰੇਡ ਸੰਸਥਾ ਵਿੱਚ ਦਾਖਲਾ
ਅਪਗਰੇਡ ਕਰਨ ਵਿੱਚ ਸਹਾਇਤਾ
ਪੋਸਟ ਗ੍ਰੈਜੂਏਸ਼ਨ ਦੀ ਵੀ ਸਹੂਲਤ

We have staff with over 40 years of experience in immigration issues to assist in the best possible way.

ਸਾਡਾ ਸਟਾਫ ਜਿਨ੍ਹਾਂ ਕੋਲ 40 ਸਾਲਾਂ ਤੋਂ ਵੱਧ ਦਾ ਤਜ਼ਰਬਾ ਹੈ, ਉਹ ਤੁਹਾਡੀ ਇਮੀਗ੍ਰੇਸ਼ਨ ਸਬੰਧੀ ਮਸਲੇ ਵਿੱਚ ਹਰ ਤਰ੍ਹਾਂ ਮਦਦ ਕਰਨਗੇ।

B.C.S CANADIAN IMMIGRATION CONSULTANTS

[604] 852-2288